ੴ ਸਤਿਗੁਰ ਪ੍ਰਸਾਦਿ ॥

# ਸੰਪੂਰਨ ਜੀਵਨ ਵਿਰਤਾਂਤ ਸ਼੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਾਹਿ ਸਾਕਾ॥

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ ॥
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂ ਆਨ ॥

ਲਾਂਚ ਕਰਤਾ :

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਜੀ ਚੈਰਿਟੇਬਲ ਟਰਸਟ, ਚੰਡੀਗੜ੍ਹ

Lunched By : Jasbir Singh
9988160484, 62390-45985
0172- 2696891

Type Setting By :
Radhe Shyam Choudhary
98149-66882

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ

Download Free

# ਸ਼੍ਰੀ ਗੁਰੂ ਤੇਗ ਬਹਾਦਰ ਜੀ


1. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
2. ਯੁੱਧ ਕਲਾ ਦਾ ਅਨੁਭਵ
3. ਬਚਪਨ
4. ਉਤਰਾਧਿਕਾਰੀ ਦੀ ਚੋਣ ਅਤੇ ਸੰਕੇਤ
5. ਗੁਰੂ ਲਾਧੋ ਰੇ
6. ਅੰਮ੍ਰਿਤਸਰ ਲਈ ਚਾਲੇ ਪਾਉਣੇ
7. ਦੂਜੇ ਗੁਰੂ-ਅਸਥਾਨਾਂ ਦੀ ਯਾਤਰਾ
8. ਆਨੰਦਪੁਰ ਸਾਹਿਬ ਦੀ ਨੀਂਹ ਰਖਣਾ
9. ਆਨੰਦਗੜ੍ਹ ਦਾ ਨਿਰਮਾਣ
10. ਪ੍ਰਚਾਰ-ਦੌਰਾ
11. ਮਾਈ ਮਾੜੀ
12. ਚੌਧਰੀ ਤ੍ਰਿਲੋਕਾ ਜਵੰਦਾ
13. ਕੁਰੂਕਸ਼ੇਤਰ ਦਾ ਸੂਰਜ-ਗ੍ਰਹਿਣ
14. ਭਾਈ ਮੀਹ
15. ਸਾਧੂ ਮਲੂਕਾ
16. ਇਕ ਸੰਨਿਆਸੀ ਨੂੰ ਉਪਦੇਸ਼
17. ਆਗਰਾ ਨਗਰ ਦੀ ਮਾਈ ਜੱਸੀ
18. ਇਲਾਹਾਬਾਦ (ਪ੍ਰਯਾਗ)
19. ਲਾਇਲਾਜ ਕੁਸ਼ਟ ਰੋਗੀ ਦਾ ਰੋਗ ਨਿਵਾਰਣ
20. ਗੁਰੂ ਚਰਨਾਂ ਵਿਚ ਗੰਗਾ

21. ਗਯਾ ਜੀ (ਬਿਹਾਰ)

22. ਭਾਈ ਫੱਗੂ

23. ਗੁਰੂਪਰਿਵਾਰ ਪਟਨਾ ਨਗਰ ਵਿਚ

24. ਢਾਕਾ

25. ਤ੍ਰਿਪੁਰਾ ਨਰੇਸ਼ ਰਾਮ ਰਾਇ

26. ਮਹੰਤ ਬਲਾਕੀ ਦਾਸ ਦੀ ਮਾਤਾ ਦੀ ਸ਼ਰਧਾ

27. ਪੰਜਾਬ ਵਾਪਸੀ

28. ਪਰਿਵਾਰ ਨਾਲ ਮਿਲਾਪ

29. ਚੱਕ ਨਾਨਕੀ ਵਿਚ (ਆਨੰਦਪੁਰ) ਫਿਰ ਤੋਂ ਧੂਮਧਾਮ (ਰੌਣਕਾਂ)

30. ਸ਼ਹੀਦੀ ਸ੍ਰੀ ਗੁਰੂਤੇਗ ਬਹਾਦਰ ਜੀ

31. ਔਰੰਗਜੇਬ ਦੁਆਰਾ ਹਿੰਦੂਆਂ ਤੇ ਅਤਿਆਚਾਰ

32. ਗੁਰੂਦਰਬਾਰ ਵਿਚ ਕਸ਼ਮੀਰੀ ਪੰਡਤਾਂ ਦੀ ਪੁਕਾਰ

33. ਭੈ ਕਾਹੂਕਉ, ਦੇਤ ਨਹਿ, ਨਹਿ ਭੈ ਮਾਨਤ ਆਨਿਕ

34. ਭਾਈ ਮਤੀ ਦਾਸ ਜੀ ਦੀ ਸ਼ਹੀਦੀ

35. ਭਾਈ ਦਿਆਲਾ ਜੀ ਦੀ ਸ਼ਹੀਦੀ

36. ਸ਼ਹੀਦੀ ਭਾਈ ਸਤੀ ਦਾਸ ਜੀ

37. ਗੁਰੂਤੇਗ ਬਹਾਦਰ ਜੀ ਦੀ ਸ਼ਹੀਦੀ

# ਸ਼੍ਰੀ ਗੁਰੂਤੇਗ ਬਹਾਦਰ ਜੀ

ਅਪ੍ਰੈਲ ਸੰਨ 1621 ਮੁਤਾਬਕ ਵਿਸਾਖ ਸ਼ੁਕਲ ਪੱਖ ਪੰਚਮੀ ਸੰਮਤ 1618 ਸ਼ੁਕਰਵਾਰ ਦਾ ਦਿਨ ਸੀ। ਸ੍ਰੀ ਗੁਰੂਹਰਿਗੋਬਿੰਦ ਜੀ ਸਵੇਰੇ-ਸਵੇਰੇ ਹੀ ਸ੍ਰੀ ਹਰਿਮੰਦਰ ਸਾਹਿਬ ਵਿਚ ਰੋਜ਼ਨਾ ਨੇਮ-ਅਨੁਸਾਰ ਪਧਾਰੇ ਹੋਏ ਸਨ ਕਿ ਉਸੇ ਵੇਲੇ ਸ਼ੁਭ ਸਮਾਚਾਰ ਦਿੱਤਾ ਗਿਆ ਕਿ ਉਨ੍ਹਾਂ ਦੀ ਪਤਨੀ ਸ੍ਰੀ ਮਤੀ ਨਾਨਕੀ ਜੀ ਦੀ ਗੋਦੀ ਵਿਚ ਇੱਕ ਸੁੰਦਰ ਅਤੇ ਤੰਦਰੁਸਤ ਬਾਲਕ ਦਾ ਪ੍ਰਕਾਸ਼ ਹੋਇਆ ਹੈ। ਉਸ ਸਮੇਂ 'ਆਸਾ ਦੀ ਵਾਰ' ਦਾ ਕੀਰਤਨ ਹੋ ਰਿਹਾ ਸੀ। ਇਸ ਸੁਖਦ ਸੂਚਨਾ ਨੂੰ ਪ੍ਰਾਪਤ ਕਰਕੇ ਗੁਰੂਜੀ ਉੱਠੇ ਅਤੇ ਨਿਮਰਤਾ ਪੂਰਵਕ ਗੁਰੂਜੀ ਪ੍ਰਕਾਸ਼ਮਾਨ ਸ੍ਰੀ ਗੁਰੂਗ੍ਰੰਥ ਜੀ ਦੀ ਪਾਲਕੀ ਦੇ ਸਨਮੁੱਖ ਹੋ ਕੇ ਅਰਦਾਸ ਕਰਨ ਲੱਗੇ ਅਤੇ ਫਿਰ ਦੰਡਵੱਡ ਪ੍ਰਣਾਮ ਕੀਤਾ। ਕੀਰਤਨ ਦੀ ਸਮਾਪਤੀ ਤੋਂ ਬਾਅਦ ਉਹ ਸਤਸੰਗੀਆਂ ਅਤੇ ਸ਼ਰਧਾਲੂਆਂ ਦੇ ਨਾਲ ਆਪਣੇ ਨਿਵਾਸ ਸਥਾਨ 'ਗੁਰੂਕੇ ਮਹਿਲ' ਵਾਪਸ ਪਧਾਰੇ, ਨਵੇ- ਜੰਮੇ ਬਾਲ ਨੂੰ ਵੇਖਦਿਆਂ ਹੀ ਗੁਰੂਜੀ ਨੇ ਸੀਸ ਝੁਕਾ ਕੇ ਪ੍ਰਣਾਮ ਕੀਤਾ। ਤਦ ਨਿਕਟਵਰਤੀ ਬੜੇ ਹੈਰਾਨ ਹੋਏ ਤੇ ਉਨ੍ਹਾਂ ਨੇ ਪ੍ਰਸ਼ਨ ਕੀਤਾ ਕਿ ਬਾਲਕ ਦੇ ਪ੍ਰਤੀ ਨਤਮਸਤਕ ਕਿਉਂ ਹੋਏ ਹਨ।

ਜੁਆਬ ਵਿਚ ਗੁਰੂਜੀ ਨੇ ਕਿਹਾ, ਇਹ ਬਾਲਕ ਦੀਨ-ਦੁਖੀਆਂ ਦੀ ਰਖਿਆ ਕਰੇਗਾ ਅਤੇ ਸਾਰੇ ਪ੍ਰਾਣੀਆਂ ਦੇ ਸੰਕਟ ਦੂਰ ਕਰੇਗਾ। ਗੁਰੂਜੀ ਨੇ ਅਜਿਹੇ ਪਰਾਕਰਮੀ ਬਾਲਕ ਦਾ ਨਾਂ ਤਿਆਗ ਮੱਲ ਰਖਿਆ । ਉਨ੍ਹਾਂ ਦਾ ਵਿਚਾਰ ਸੀ ਕਿ ਇਹ ਬਾਲਕ ਮਾਨਵ ਕਲਿਆਣ ਦੇ ਲਈ ਬਹੁਤ ਵੱਡਾ ਤਿਆਗ ਕਰੇਗਾ, ਜੋ ਕਿ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

ਸ੍ਰੀ ਤਿਆਗ ਮੱਲ (ਤੇਗ ਬਹਾਦਰ ਜੀ) ਤੋਂ ਵੱਡੇ ਚਾਰ ਭਰਾ ਅਤੇ ਇੱਕ ਭੈਣ ਸੀ। ਭਰਾਵਾਂ ਦੇ ਨਾਂ ਕ੍ਰਮਵਾਰ ਗੁਰਦਿੱਤਾ ਜੀ (ਜਨਮ ਸੰਨ 1613) ਸੂਰਜ ਮੋਲ ਜੀ (ਜਨਮ ਸੰਨ 1617) ਅਣੀਰਾਏ ਜੀ (ਜਨਮ 1618 ਅਤੇ ਅਟੱਲ ਰਾਇ (ਜਨਮ ਸੰਨ 162●) ਭੈਣ ਦਾ ਨਾਂ ਕੁਮਾਰੀ ਵੀਰਾਂ ਜੀ (ਜਨਮ ਸੰਨ 1615) ਸੀ।

ਸ੍ਰੀ ਤਿਆਗ ਮੱਲ ਜੀ ਦੀ ਮੁੱਢਲੀ ਸਿੱਖਿਆ ਅੰਮ੍ਰਿਤਸਰ ਦੀ ਇੱਕ ਪਾਠਸ਼ਾਲਾ ਵਿਚ ਸ਼ੁਰੂਹੋਈ। ਉਨ੍ਹਾਂ ਦਿਨ੍ਹਾਂ ਵਿਚ ਗੁਰਮੁੱਖੀ ਅੱਖਰਾਂ ਦੇ ਗਿਆਨ ਲਈ ਉਥੇ ਇੱਕ ਵਿਸ਼ੇਸ਼ ਪ੍ਰਬੰਧ ਹੋ ਚੁੱਕਿਆ ਸੀ।

ਪ੍ਰਸ਼ਾਸਨਿਕ ਕੰਮਾਂ ਲਈ ਫਾਰਸੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਲਈ ਫਾਰਸੀ ਸਿੱਖਣਾ ਵੀ ਬੱਚਿਆਂ ਲਈ ਜ਼ਰੂਰੀ ਸੀ। ਬਾਲ ਗੁਰੂਜੀ ਦੀ ਮਾਤਾ ਨਾਨਕੀ ਜੀ ਬਹੁਤ ਧਾਰਮਿਕ ਵਿਚਾਰਾਂ ਵਾਲੇ ਸਨ। ਇਸ ਤਰ੍ਹਾਂ ਉਹ ਹਮੇਸ਼ਾਂ ਉਨ੍ਹਾਂ ਨੂੰ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਸੁਵਾਉਂਦੇ ਰਹਿੰਦੇ, ਜਿਵੇਂ ਕਿ ਲਵ-ਕੁਸ਼, ਧਰੂੱਵ, ਪ੍ਰਲਾਦ ਅਤੇ ਬਾਬਾ ਫਰੀਦ ਆਦਿ ਯੋਧਿਆਂ ਦੇ ਕਿੱਸੇ ਤਾਂ ਉਹ ਬੜੇ ਚਾਅ ਨਾਲ ਸੁਣਦੇ। ਇਹ ਬੀਰ-ਰਸ ਦੀਆਂ ਗਾਥਾਵਾਂ ਉਨ੍ਹਾਂ ਦੇ ਅਬੋਧ ਮਨ ਤੇ ਆਪਣੀ ਅਮਿਟ ਛਾਪ ਛੱਡਦੀਆਂ ਗਈਆਂ। ਮਾਤਾ ਜੀ ਨੂੰ ਸਦਗੁੱਵਾ ਦੀ ਸਾਖਸ਼ਾਤ ਮੂਰਤ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁਰੂਤੇਗ ਬਹਾਦਰ ਜੀ ਵਿਚ ਜਿਹੜੇ ਗੁੱਣ ਪਾਏ ਗਏ, ਸ਼ੁਸੀਲ, ਮਧੁਰ ਬਾਣੀ, ਕਿਰਪਾਲੂਅਤੇ ਧਰਮ ਤੇ ਪੱਕੇ ਰਹਿਣ ਵਾਲੇ, ਇਹ ਸਾਰੇ ਗੁੱਣ ਉਨ੍ਹਾਂ ਦੀ ਮਾਤਾ ਜੀ ਦੀ ਦੇਣ ਸਨ।

ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਬੱਚਪਨ ਵਿਚ ਅੱਖਰ ਗਿਆਨ ਬਾਬਾ ਬੁੱਢਾ ਜੀ ਤੋਂ ਪ੍ਰਾਪਤ ਕੀਤਾ ਸੀ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦਾ ਸਪੁੱਤਰ ਤਿਆਗ ਮੱਲ ਵੀ ਗੁਰੁਸਿੱਖਿਆ ਬਾਬਾ ਬੁੱਢਾ ਜੀ ਤੋਂ ਹੀ ਲੈਣ। ਪਰ ਬਾਬਾ ਜੀ ਉਨ੍ਹਾਂ ਦਿਨ੍ਹਾਂ ਵਿਚ ਬਹੁਤ ਹੀ ਬਿਰਧ-ਅਵਸਥਾ ਵਿਚ ਸਨ। ਉਨ੍ਹਾਂ ਨੇ, ਤਿਆਗ ਮਲ ਜੀ ਨੂੰ ਬਾਬਾ ਬੁੱਢਾ ਜੀ ਦੇ ਜੱਦੀ ਪਿੰਡ ਰਾਮਦਾਸ ਵਿਖੇ ਭੇਜ ਦਿੱਤਾ। ਉਥੋਂ 'ਗੁਰੂਦੀਖਸ਼ਾ' ਲੈ ਕੇ ਬਾਬਾ ਤਿਆਗ ਮੱਲ ਜੀ ਅੰਮ੍ਰਿਤਸਰ ਦੇ ਸਥਾਨਕ ਸਕੂਲ ਵਿਚ ਵਿਧੀ ਪੂਰਵਕ ਵਿਦਿਆ ਗ੍ਰਹਿਣ ਕਰਨ ਲੱਗੇ। ਜਦੋਂ ਉਹ ਦਸ ਸਾਲ ਦੇ ਹੋਏ ਤਾਂ ਪਰਿਵਾਰਕ ਵਾਤਾਵਰਣ ਦੇ ਅਨੁਸਾਰ ਉਨ੍ਹਾਂ ਨੇ ਸੈਨਿਕ ਸਿਖਿਆ ਪ੍ਰਾਪਤ ਕਰਨੀ ਸ਼ੁਰੂਕਰ ਦਿੱਤੀ। ਇਸ ਕੰਮ ਦੇ ਲਈ ਗੁਰੂਜੀ ਨੇ ਭਾਈ ਜੇਠਾ ਜੀ ਦੀ ਨਿਯੁਕਤੀ ਕੀਤੀ। ਆਪ ਜੀ ਕੀਰਤਨ ਦੇ ਰਸੀਏ ਸਨ। ਉਨ੍ਹਾਂ ਦੇ ਜੀਵਨ ਵਿਚ ਸੰਗੀਤ ਦੇ ਪ੍ਰਤੀ ਖਿੱਚ ਸੁਭਾਵਿਕ ਹੀ ਸੀ। ਇਸ ਤਰ੍ਹਾਂ ਇੱਕ ਵਿਸ਼ੇਸ਼ 'ਰਬਾਬੀ' ਸੇਵਕ ਉਨ੍ਹਾਂ ਨੂੰ ਰਾਗ ਵਿਦਿਆ ਸਿਖਾਉਂਦਾ ਸੀ। ਗੁਰਬਾਣੀ ਅਧਿਐਨ ਵਿਚ ਵੀ ਉਨ੍ਹਾਂ ਦੀ ਵਿਸ਼ੇਸ਼ ਰੁਚੀ ਸੀ ਉਹ ਜਦੋਂ ਵੀ ਸਮਾਂ ਮਿਲਦਾ ਭਾਈ ਗੁਰਦਾਸ ਜੀ ਕੋਲ ਪਹੁੰਚ ਜਾਂਦੇ ਅਤੇ ਉਨ੍ਹਾਂ ਦੀ ਕਾਵਿ-ਰਚਨਾ ਕਲਾ ਆਦਿ ਦਾ ਗਿਆਨ ਪ੍ਰਾਪਤ ਕਰਦੇ।

## 'ਯੁੱਧ ਕਲਾ ਦਾ ਅਨੁਭਵ'

ਬਾਲਕ ਤਿਆਗ ਮੱਲ ਜੀ ਲਗਭਗ ਛੇ ਸਾਲ ਦੇ ਸਨ ਤਾਂ ਉਨ੍ਹਾਂ ਦਿਨੀਂ ਉਨ੍ਹਾਂ ਦੀ ਵੱਡੀ ਭੈਣ ਵੀਰਾਂ ਜੀ ਦਾ ਸ਼ੁਭ ਵਿਆਹ ਰਚਿਆ ਗਿਆ ਕਿ ਉਸੇ ਸਮੇਂ ਅਚਾਨਕ ਇਕ ਦੁੱਖ-ਦਾਇਕ ਘਟਨਾ ਵਾਪਰੀ। ਮੁਗਲ ਪ੍ਰਸ਼ਾਸਕ ਕੁਲੀਜ ਖਾਨ ਨੇ ਇੱਕ ਬਾਜ਼ ਪੰਛੀ ਨੂੰ ਲੈ ਕੇ ਸਿੱਖਾਂ ਨਾਲ ਝਗੜਾ ਕਰ ਲਿਆ। ਇਸ ਝਗੜੇ ਨੂੰ ਚੁਣੌਤੀ ਮੰਨ ਕੇ ਮੁਗਲ ਸੈਨਾ ਨੇ ਅੰਮ੍ਰਿਤਸਰ ਤੇ ਹਮਲਾ ਕਰ ਦਿੱਤਾ। ਇਸ ਯੁੱਧ ਦੇ ਕੁਝ ਦ੍ਰਿਸ਼ ਬਾਲਕ ਤਿਆਗ ਮੱਲ ਜੀ ਨੇ ਆਪਣੀਆਂ ਅੱਖਾਂ ਨਾਲ ਵੇਖੇ। ਜਦੋਂ ਯੋਧੇ ਢਾਲ ਅਤੇ ਤਲਵਾਰ ਸਜ਼ਾ ਕੇ ਜੈ-ਕਾਰਾ ਲਾਉਂਦੇ ਹੋਏ ਦੁਸ਼ਮਣ ਤੇ ਟੁੱਟ ਪਏ ਸਨ ਤਾਂ ਸਾਰੇ ਪਾਸਿਉਂ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੀਆਂ ਆਵਾਜ਼ਾਂ ਗੂੰਜ ਰਹੀਆਂ ਸਨ। ਉਸੇ ਸਮੇਂ ਤਿਆਗ ਮੱਲ ਜੀ ਦੀਆਂ ਅੱਖਾਂ ਵਿਚ ਮੈਦਾਨੇ-ਜੰਗ ਵਿਚ ਜੂਝਣ ਦੀ ਚਮਕ ਆ ਗਈ ਸੀ, ਪਰ ਗੁਰੂਜੀ ਦਾ ਆਦੇਸ਼ ਆ ਗਿਆ ਕਿ ਪ੍ਰਿਵਾਰ ਨੂੰ ਝਬਾਲ ਪਿੰਡ ਪਹੁੰਚਾਇਆ ਜਾਵੇ।

ਇਸ ਤਰ੍ਹਾਂ ਜਦੋਂ ਆਪ ਨੌਂ ਸਾਲ ਦੇ ਹੋਏ ਤਾਂ ਆਪ ਜੀ ਦੇ ਪਿਤਾ ਸ੍ਰੀ ਗੁਰੂਹਰਿ ਗੋਬਿੰਦ ਜੀ ਨੂੰ ਇੱਕ ਹੋਰ ਯੁੱਧ ਹਰਿ ਗੋਬਿੰਦਪੁਰ ਨਾਮਕ ਸਥਾਨ ਤੇ ਲੜਨਾ ਪਿਆ। ਇਸ ਯੁੱਧ ਦਾ ਸਭ ਤੋਂ ਵੱਡਾ ਕੌਤਕ ਇਹ ਸੀ ਕਿ ਜਦੋਂ ਆਪ ਜੀ ਦੀ ਮੀਰੀ ਦੀ ਤਲਵਾਰ ਲੜਦਿਆਂ-ਲੜਦਿਆਂ ਟੁੱਟ ਗਈ ਤਾਂ ਆਪ ਜੀ ਨੇ ਪੀਰੀ ਦੀ ਤਲਵਾਰ ਨਾਲ ਵਿਰੋਧੀ ਸਰਦਾਰ ਅਬਦੁੱਲਾ ਖਾਨ ਨੂੰ ਮਾਰਨਾ ਠੀਕ ਨਹੀਂ ਸਮਝਿਆ। ਇਸ ਲਈ ਉਸ ਨੂੰ ਆਪਣੇ ਹੱਥਾਂ ਨਾਲ ਹੀ ਪਟਕਾ ਕੇ ਇਸ ਤਰ੍ਹਾਂ ਪਾਰਿਆ ਕਿ ਉਸ ਦੇ ਪ੍ਰਾਣ ਪੰਖੇਰੂਉੱਡ ਗਏ। ਅਜਿਹੇ ਵੀਰਤਾ-ਭਰਪੂਰ ਦ੍ਰਿਸ਼ ਨੂੰ ਵੀ ਤਿਆਗ ਮੱਲ ਜੀ ਆਪਣੀਆਂ ਅੱਖਾਂ ਨਾਲ ਵੇਖ ਰਹੇ ਸਨ।

ਜਦੋਂ ਤਿਆਗ ਮੱਲ ਜੀ ਦਸ ਸਾਲ ਦੇ ਹੋਏ ਤਾਂ ਉਨ੍ਹਾਂ ਦਿਨਾਂ ਵਿਚ ਭਾਈ ਬਿਧੀ ਚੰਦ ਦੋ ਘੋੜਿਆਂ ਨੂੰ ਮੁਗਲ ਹਕੂਮਤ ਦੇ ਕਬਜ਼ੇ ਵਿਚੋਂ ਬੜੀ ਤਰਕੀਬ ਨਾਲ ਕੱਢ ਕੇ ਲਿਆਏ। ਇਸ ਭੇਦ ਦੇ ਪ੍ਰਗਟ ਹੋਣ ਤੇ ਲਲਾਬੇਗ ਤੇ ਕਮਰਬੇਗ

ਨੇ ਵਿਸ਼ਾਲ ਮੁਗਲ ਸੈਨਾ ਲੈ ਕੇ ਗੁਰੂਜੀ ਤੇ ਹਮਲਾ ਕਰ ਦਿੱਤਾ। 'ਨਥਾਨਾ' ਤੇ 'ਮਹਾਰਾਜ' ਥਾਵਾਂ ਦੇ ਵਿਚਕਾਰ ਦੋਹਾਂ ਦਲਾ ਦਾ ਘਮਸਾਣ ਦਾ ਯੁੱਧ ਹੋਇਆ। ਇਸ ਯੁੱਧ ਵਿਚ ਦੋਹਾਂ ਪਾਸਿਆਂ ਵਲੋਂ ਬਹੁਤ ਵੱਡੀ ਗਿਣਤੀ ਵਿਚ ਯੋਧਿਆਂ ਨੇ ਵੀਰ ਗਤੀ ਪ੍ਰਾਪਤ ਕੀਤੀ। ਇਥੇ ਵੀ ਤਲਵਾਰ ਦਾ ਜਾਦੂ ਸਿਰ ਚੜ੍ਹ ਕੇ ਬੋਲਿਆ ਅਤੇ ਮੁਗਲ ਸੈਨਾ ਦੇ ਛੱਕੇ ਛੁੱਟ ਗਏ। ਇਹ ਸਭ ਕੁਝ ਤਿਆਗਮੱਲ ਜੀ ਮਹਿਸੂਸ ਕਰ ਰਹੇ ਸਨ।

ਜਦੋਂ ਸ੍ਰੀ ਤਿਆਗ ਮੱਲ ਜੀ 14 ਸਾਲ ਦੀ ਉਮਰ ਦੇ ਸਨ ਤਾਂ ਉਨ੍ਹਾਂ ਦਿਨਾਂ ਵਿਚ ਸ੍ਰੀ ਗੁਰੂਹਰਿਗੋਬਿੰਦ ਸਾਹਿਬ ਕਰਤਾਰਪੁਰ ਨਿਵਾਸ ਕਰ ਰਹੇ ਸਨ। ਸ੍ਰੀ ਗੁਰੂਹਰਿਗੋਬਿੰਦ ਜੀ ਨੇ 'ਪੈਂਦੇ ਖਾਨ' ਨਾਮਕ ਪਠਾਣ ਨੂੰ ਇਕ ਸੁਡੌਲ ਤੇ ਤਾਕਤਵਰ ਆਦਮੀ ਸਮਝ ਕੇ ਸ਼ਸਤਰ-ਵਿਦਿਆ ਸਿਖਾਈ ਸੀ ਅਤੇ ਉਸ ਨੂੰ ਆਪਣੀ ਸੈਨਾ ਵਿਚ ਇੱਕ ਉੱਚਾ ਅਹੁਦਾ ਦਿੱਤਾ ਸੀ, ਪਰ ਸਮੇਂ ਦੇ ਵਕਫੇ ਨਾਲ 'ਪੈਂਦੇ ਖਾਨ' ਆਪਣੇ ਜਵਾਈ 'ਉਸਮਾਨ ਖਾਨ' ਦੇ ਬਹਿਕਾਵੇ (ਚੁੱਕ) ਵਿਚ ਆ ਗਿਆ ਅਤੇ ਉਸਨੇ ਗੱਦਾਰੀ ਕਰਕੇ ਮੁਗਲ ਸੈਨਾ ਲੈ ਕੇ ਗੁਰੂਜੀ ਤੇ ਹਮਲਾ ਕਰ ਦਿੱਤਾ। ਮੁਗਲ ਸੈਨਾ ਦੀ ਇੱਕ ਦੂਸਰੀ ਟੁਕੜੀ ਦੀ 'ਕਾਲੇ ਖਾਨ' ਅਗਵਾਈ ਕਰਦਿਆਂ ਹੋਇਆਂ ਸਿੱਖ ਸੈਨਾ ਨੂੰ ਘੇਰੇ ਵਿਚ ਲੈ ਰਿਹਾ ਸੀ। ਉਸ ਸਮੇਂ ਸਿੱਖ ਸੈਨਾ ਦੀ ਵਾਗਡੋਰ ਗੁਰੂਜੀ ਦੇ ਜੇਠੇ ਪੁੱਤਰ ਸ੍ਰੀ ਗੁਰਦਿੱਤਾ ਜੀ ਨੇ ਸੰਭਾਲੀ ਅਤੇ ਦੂਜੇ ਪਾਸੇ ਭਾਈ ਬਿਧੀ ਚੰਦ ਅਤੇ ਦੂਜੇ ਸਿੱਖ ਗੁਰੂਜੀ ਦੀ ਅਗਵਾਈ ਵਿਚ ਲੜਾਈ ਦੇ ਮੈਦਾਨ ਵਿਚ ਜੂਝਣ ਲਈ ਨਿਕਲ ਪਏ ਸਨ।

ਇਸ ਯੁੱਧ ਵਿਚ ਤਿਆਗਮੱਲ ਜੀ ਨੇ ਅਮਲੀ ਰੂਪ ਵਿਚ ਹਿੱਸਾ ਲਿਆ ਅਤੇ ਤਲਵਾਰ ਦੇ ਖੂਬ ਜੌਹਰ ਵਿਖਾਏ। ਆਪ ਜੀ ਨੇ ਯੁੱਧ-ਖੇਤਰ ਵਿਚ ਅਨੇਕ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅਜਿਹਾ ਦੇਖ ਕੇ ਆਪ ਜੀ ਦੇ ਪਿਤਾ ਜੀ ਕਹਿ ਉੱਠੇ, ਇਹ ਬੇਟਾ ਤਾਂ ਤਲਵਾਰ ਦਾ ਧਨੀ ਹੈ, ਅਰਥਾਤ ਤੇਗ ਚਲਾਉਣ ਵਿਚ ਵੀ ਮੁਹਾਰਤ ਰੱਖਦਾ ਹੈ। ਇਸ ਲਈ ਆਪ ਜੀ ਨੇ ਆਪਣੇ ਬੇਟੇ ਨੂੰ ਨਵਾਂ ਨਾਮ ਦਿੱਤਾ ਅਤੇ ਕਿਹਾ, ਹੁਣ ਇਹ ਤਿਆਗ ਮੱਲ ਨਹੀਂ ਤੇਰਾ ਬਹਾਦਰ ਹੈ।

ਉਸ ਦਿਨ ਤੋਂ ਤਿਆਗ ਮੱਲ ਦਾ ਨਾਮ ਤੇਗ ਬਹਾਦਰ ਹੋ ਗਿਆ। ਇਹੀ ਨਾਮ ਬਾਅਦ ਵਿਚ ਸਾਰਥਕ ਸਿੱਧ ਹੋਇਆ।

## 'ਬਚਪਨ'

ਸ੍ਰੀ ਤਿਆਗ ਮੱਲ ਜੀ ਅਜੇ ਸਿਰਫ ਚਾਰ ਸਾਲਾਂ ਦੇ ਹੀ ਸਨ ਕਿ ਆਪ ਜੀ ਦੇ ਵੱਡੇ ਭਰਾ ਸ੍ਰੀ ਗੁਰਦਿੱਤਾ ਜੀ ਦਾ ਸ਼ੁੱਭ ਵਿਆਹ ਸੀ। ਜਦੋਂ ਬਾਰਾਤ (ਜੰਞ) ਚਲਣ ਲੱਗੀ ਤਾਂ ਆਪ ਜੀ ਦੀ ਦ੍ਰਿਸ਼ਟੀ (ਨਜ਼ਰ) ਇਕੋ ਬੱਚੇ ਤੇ ਪੈ ਗਈ, ਜਿਹੜਾ ਉਸ ਸਮੇਂ ਨਗਨ ਅਵਸਥਾ ਵਿਚ ਦੂਰ 'ਤੋਂ ਬਾਰਾਤ ਨੂੰ ਬਹੁਤ ਹਸਰਤ ਭਰੀਆਂ ਨਜ਼ਰਾਂ ਨਾਲ ਨਿਹਾਰ ਰਿਹਾ ਸੀ। ਉਸ ਵੇਲੇ ਆਪ ਜੀ ਨੇ ਆਪਣੀ ਪੋਸ਼ਾਕ ਤੇ ਇੱਕ ਨਜ਼ਰ ਪਾਈ ਅਤੇ ਮਹਿਸੂਸ ਕੀਤਾ ਕਿ ਮੇਰੀ ਹੀ ਉਮਰ ਦਾ ਇੱਕ ਬੱਚਾ ਜਿਸ ਕੋਲ ਇੱਕ ਲੰਗੋਟ ਤੱਕ ਨਹੀਂ, ਇਸ ਦੇ ਉਲਟ, ਮੈਂ ਇੱਕ ਸ਼ਾਹੀ ਪੋਸ਼ਾਕ ਵਿਚ, ਇਹ ਕਿਹੋ ਜਿਹਾ ਅਨਿਆਂ? ਬਸ ਫਿਰ ਕੀ ਸੀ, ਜਿਉਂ ਹੀ ਆਪ ਜੀ ਦੇ ਮਨ ਵਿਚ ਦਇਆ ਦੀ ਭਾਵਨਾ ਪੈਦਾ ਹੋਈ, ਆਪ ਜੀ ਨੇ ਉਸੇ ਪਲ ਆਪਣੀ ਪੋਸ਼ਾਕ ਉਤਾਰ ਕੇ ਉਸ ਨੰਗੇ ਬਾਲਕ ਨੂੰ ਪੁਆ ਦਿੱਤੀ। ਮਾਤਾ ਨਾਨਕੀ ਜੀ ਦਾ ਧਿਆਨ ਜਦੋਂ ਆਪ ਜੀ ਤੇ ਗਿਆ

ਤਦਾਂ ਉਹ ਹੈਰਾਨ ਹੋ ਗਏ ਕਿ ਹੁਣੇ ਹੁਣੇ ਉਨ੍ਹਾਂ ਨੇ ਆਪਣੇ ਲਾਡਲੇ ਨੂੰ ਇੱਕ ਖਾਸ ਪੋਸ਼ਾਕ ਪੁਆ ਕੇ ਸ਼ਿੰਗਾਰਿਆ ਸੀ, ਪੁੱਛਣ ਤੇ ਤਿਆਗ ਮੱਲ ਜੀ ਨੇ ਕਹਿ ਦਿੱਤਾ, ਮੈਨੂੰ ਕਪੜਿਆਂ ਦੀ ਕਮੀ ਨਹੀ ਹੈ, ਹੁਣੇ ਹੋਰ ਮਿਲ ਜਾਣਗੇ ਪਰ ਉਸ ਬੱਚੇ ਨੂੰ ਕਿਸੇ ਨੇ ਨਹੀਂ ਪੁੱਛਣਾ। ਆਪ ਜੀ ਦੀ ਅਜਿਹੀ ਤਿਆਗ ਦੀ ਭਾਵਨਾ ਨੂੰ ਵੇਖ ਕੇ ਮਾਤਾ ਜੀ ਕਹਿ ਉਠੇ, ਤੇਰੇ ਪਿਤਾ ਜੀ ਨੇ ਤੇਰਾ ਨਾਂ ਠੀਕ ਹੀ ਰੱਖਿਆ ਹੈ।

ਆਪ ਜੀ ਦੇ ਵੱਡੇ ਭਰਾ ਸ੍ਰੀ ਅਟੱਲ ਜੀ ਉਮਰ ਵਿਚ ਆਪ ਜੀ ਤੋਂ ਦੋ ਸਾਲ ਵੱਡੇ ਸਨ। ਉਹ ਵੀ ਹਮੇਸ਼ਾ ਚਿੰਤਨ-ਮਨਨ ਵਿਚ ਰੁਝੇ ਰਹਿੰਦੇ ਪਰ ਆਮ ਬੱਚਿਆਂ ਵਿਚ ਘੁਲਮਿਲ ਕੇ ਹਰ ਰੋਜ਼ ਖੇਡਾਂ ਵੀ ਖੇਡਦੇ। ਇਕ ਦਿਨ ਖੇਡ ਦੇ ਖਤਮ ਹੋਣ ਤੋਂ ਪਹਿਲਾਂ ਹੀ ਸ਼ਾਮ ਹੋਣ ਕਰਕੇ ਹਨੇਰਾ ਹੋ ਗਿਆ। ਅਗਲੇ ਦਿਨ ਖੇਡ ਦੀ ਵਾਰੀ ਦੂਜੇ ਖਿਡਾਰੀ ਮੋਹਨ ਨੇ ਦੇਣੀ ਸੀ, ਉਹ ਨਿਸਚਿਤ ਸਮੇਂ ਤੇ ਨਹੀਂ ਆਇਆ। ਪਤਾ ਕਰਨ ਤੇ ਜਾਣਕਾਰੀ ਮਿਲੀ ਕਿ ਸੱਪ ਦੇ ਕੱਟਣ ਕਰਕੇ ਉਸ ਦੀ ਮੌਤ ਹੋ ਗਈ ਹੈ। ਸ੍ਰੀ ਅਟੱਲ ਜੀ ਨੂੰ ਇਹ ਗੱਲ ਕੁਝ ਹਜ਼ਮ ਨਹੀਂ ਹੋਈ, ਉਹ ਕਹਿਣ ਲੱਗੇ ਕਿ ਮੋਹਨ ਮੱਕਾਰ ਹੈ, ਐਂਵੇ ਹੀ ਬਹਾਨਾ ਬਣਾ ਰਿਹਾ ਹੋਵੇਗਾ। ਅਸੀਂ ਉਸਨੂੰ ਘਰੋਂ ਚੁੱਕ ਲਿਆਉਂਦੇ ਹਾਂ, ਇਸ ਲਈ ਉਹ ਉਸ ਦੇ ਘਰ ਗਏ, ਉਸ ਨੂੰ ਬਾਂਹ ਤੋਂ ਫੜ ਕੇ ਕਿਹਾ, ਉੱਠ, ਮੱਕਾਰੀ ਨਾ ਕਰ ਸਾਡੀ ਬਾਜ਼ੀ (ਵਾਰੀ) ਦੇ। ਬਸ ਫਿਰ ਕੀ ਸੀ। ਉਹ ਰੱਬ ਦਾ ਨਾਮ ਜਪਦਾ ਹੋਇਆ ਬਿਸਤਰੇ ਤੋਂ ਉੱਠ ਪਿਆ। ਇਹ ਕੌਤਕ ਵੇਖ ਕੇ ਸਾਰੇ ਹੈਰਾਨ ਰਹਿ ਗਏ। ਜਲਦੀ ਹੀ ਇਹ ਖਬਰ ਪਿਤਾ ਸ੍ਰੀ ਹਰਿਗੋਬਿੰਦ ਜੀ ਨੂੰ ਪਹੁੰਚ ਗਈ। ਉਨ੍ਹਾਂ ਨੇ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲਿਆ। ਜਦੋਂ ਸ੍ਰੀ ਅਟਲ ਜੀ ਉਨ੍ਹਾਂ ਨੂੰ ਮਿਲਣ ਆਏ ਤਾਂ ਉਨ੍ਹਾਂ ਨੇ ਬੇਟੇ ਨੂੰ ਕਿਹਾ, "ਆਪ ਕਦੋਂ ਤੋਂ ਪਰਮ ਪਿਤਾ ਪਰਮੇਸ਼ਵਰ ਦੇ ਵਿਰੋਧੀ ਬਣ ਗਏ ਹੋ? ਮਾਰਨਾ ਅਤੇ ਜੀਵਨ ਦਾਨ ਦੇਣਾ ਤਾਂ ਉਸ ਪ੍ਰਭੂਪਰਮੇਸ਼ਵਰ ਦਾ ਕੰਮ ਹੈ।" ਇਸ ਗੱਲ ਦਾ ਜੁਆਬ ਸ੍ਰੀ ਅਟਲ ਜੀ ਦੇ ਕੋਲ ਨਹੀਂ ਸੀ। ਤਦ ਪਿਤਾ ਜੀ ਨੇ ਕਹਿ ਦਿੱਤਾ ਕਿ ਜੀਵਨ ਦਾਨ ਦੇਣ ਦੇ ਬਦਲੇ ਆਪਣੇ ਪ੍ਰਾਣਾਂ ਦੀ ਆਹੂਤੀ ਦੇਣੀ ਹੁੰਦੀ ਹੈ। ਇਹ ਸੁਣਦਿਆਂ ਹੀ ਸ੍ਰੀ ਅਟਲ ਜੀ ਨੇ ਘਰ ਤੋਂ ਦੂਰ ਇਕਾਂਤਵਾਸ ਥਾਂ ਤੇ ਆਪਣੇ ਪ੍ਰਾਣ ਤਿਆਗ ਦਿੱਤੇ। ਛੋਟਾ ਭਰਾ ਹੋਣ ਦੇ ਨਾਤੇ ਸ੍ਰੀ ਤਿਆਗ ਮੱਲ ਜੀ ਦਾ ਆਪਣੇ ਵੱਡੇ ਭਰਾ ਨਾਲ ਅਥਾਹ ਪਿਆਰ ਸੀ। ਅਚਾਨਕ ਉਨ੍ਹਾਂ ਦੇ ਦੇਹਾਂਤ ਨਾਲ, ਇਨ੍ਹਾਂ ਦੇ ਕੋਮਲ ਹਿਰਦੇ ਤੇ ਗਹਿਰੀ ਸੱਟ ਵੱਜੀ, ਜਿਸ ਕਰਕੇ ਆਪ ਵੈਰਾਗ ਅਵਸਥਾ ਨੂੰ ਪ੍ਰਾਪਤ ਹੋ ਗਏ।

ਆਪ ਜੀ ਦੇ ਵੱਡੇ ਭਰਾ ਸੂਰਜਮੱਲ ਦਾ ਵਿਆਹ ਕਰਤਾਰਪੁਰ ਵਿਖੇ ਸੰਪੰਨ ਹੋਇਆ ਸੀ। ਉਥੋਂ ਦੇ ਸਿੱਖ ਪ੍ਰੀਵਾਰਾਂ ਦੀ ਨਜ਼ਰ ਵਿਚ ਸ੍ਰੀ ਤਿਆਗ ਮੱਲ ਜੀ ਵੀ ਬਹੁਤ ਯੋਗ ਅਤੇ ਸੁੰਦਰ ਪੁਰਸ਼ ਦੇ ਰੂਪ ਵਿਚ ਇੱਕ ਸਿਤਾਰੇ ਦੇ ਰੂਪ ਵਿਚ ਉਭਰ ਰਹੇ ਸਨ, ਸੁਭਾਵਿਕ ਹੀ ਸੀ ਕਿ ਉਥੋਂ ਦੇ ਇੱਕ ਪਰਮ ਭਗਤ ਸ੍ਰੀ ਲਾਲਚੰਦ ਜੀ ਨੇ ਗੁਰੂਦੇਵ ਸ੍ਰੀ ਹਰਿਗੋਬਿੰਦ ਜੀ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਸੁਪੁੱਤਰ ਸ੍ਰੀ ਤਿਆਗ ਮੱਲ ਦੇ ਲਈ ਉਨ੍ਹਾਂ ਦੀ ਸੁਪੁੱਤਰੀ ਬੀਬੀ ਗੁੱਜਰ ਕੌਰ ਦਾ ਰਿਸ਼ਤਾ ਸਵੀਕਾਰ ਕਰਨ, ਗੁਰੂਜੀ ਨੇ ਭਗਤ ਦੀ ਪੇਸ਼ਕਸ਼ ਨੂੰ ਤੁਰੰਤ ਸਵੀਕਾਰ ਕਰ ਲਿਆ।

## ਮਾਰਚ 1632 (15 ਐਸੂਸੰਮਤ 1689)

ਵਿਚ ਬਾਬਾ ਤਿਆਗ ਮੱਲ (ਤੇਗ ਬਹਾਦਰ) ਜੀ ਲਾੜਾ ਬਣੇ। ਉੱਚੇ ਮੋਢੇ, ਲੰਮੀਆਂ ਬਾਹਣਾਂ, ਚੌੜੀ ਛਾਤੀ, ਹਲਕੀ ਜਿਹੀ ਲਾਲੀ ਭਰੀਆਂ ਅੱਖਾਂ, ਵੱਡੇ ਡੀਲ-ਡੌਲ ਵਾਲੇ ਅਤੇ ਸ਼ੁਸੀਲ ਨੌਜੁਆਨ ਲਾੜੇ ਨੂੰ ਵੇਖ ਕੇ ਔਰਤਾਂ ਤੇ

ਆਦਮੀਆਂ ਦੀਆਂ ਅੱਖਾਂ ਥੱਕਦੀਆਂ ਨਹੀਂ ਸਨ। ਇਸ ਤਰ੍ਹਾਂ ਕਰਤਾਰਪੁਰ ਵਿਖੇ ਬੜੀ ਧੂਮ-ਧਾਮ ਨਾਲ ਵਿਆਹ ਦੀ ਰਸਮਾ ਪੂਰੀ ਹੋਈ, ਲਾੜਾ ਅਤੇ ਲਾੜੀ ਦੀ ਸੁੰਦਰ ਜੋੜੀ ਅਜਿਹੀ ਫੱਬ ਰਹੀ ਸੀ, ਜਿਵੇਂ ਵਿਧਾਤਾ ਨੇ ਉਨ੍ਹਾਂ ਨੂੰ ਬਹੁਤ ਸੋਚ ਸਮਝ ਕੇ ਧਰਤੀ ਤੇ ਭੇਜਿਆ ਹੈ।

ਭਾਈ ਲਾਲਚੰਦ ਨੇ ਆਪਣੀ ਹੈਸੀਅਤ ਤੋਂ ਵੱਧ ਕੇ ਸਾਰਿਆਂ ਦੀ ਆਓਭਗਤ ਕੀਤੀ। ਪਰ ਬਾਰਾਤ ਦੀ ਵਿਦਾਇਗੀ ਵੇਲੇ ਇਕ ਨਿਮਾਣੇ ਪਿਤਾ ਦੀ ਤਰ੍ਹਾਂ ਉਨ੍ਹਾਂ ਨੇ ਛੇਵੇਂ ਗੁਰੂਸਾਹਿਬ ਨੂੰ ਕਿਹਾ, "ਮੈਂ ਤੁਹਾਡੀ ਕੁੱਝ ਵੀ ਸੇਵਾ ਨਹੀਂ ਕਰ ਸਕਿਆ, ਗੁਰੂਜੀ ਨੇ ਜੁਆਬ ਵਿਚ ਕਿਹਾ ਸੀ, 'ਜਿਸਨੇ ਬੇਟੀ ਦੇ ਦਿੱਤੀ, ਉਸਨੇ ਸਭ ਕੁਝ ਦੇ ਦਿੱਤਾ। ਆਪ ਜੀ ਨੇ ਆਪਣੇ ਕੋਲ ਕੁਝ ਵੀ ਨਹੀਂ ਰਖਿਆ।"

ਜਦੋਂ ਸ੍ਰੀ ਹਰਿਗੋਬਿੰਦ ਜੀ ਨੇ ਆਪਣੇ ਉਤਰਾਧਿਕਾਰੀ ਦੀ ਚੋਣ ਕੀਤੀ ਤਾਂ ਉਨ੍ਹਾਂ ਨੇ ਆਪਣੇ ਪੋਤਰੇ ਸ੍ਰੀ ਹਰਿ ਰਾਇ ਜੀ ਨੂੰ ਗੁਰਗੱਦੀ ਸੌਂਪੀ, ਉਹ ਉਸ ਸਮੇਂ ਲਗਭਗ 14 ਸਾਲ ਦੇ ਸਨ। ਤਦ ਮਾਤਾ ਨਾਨਕੀ ਜੀ ਨੇ ਗੁਰੂਜੀ ਨੂੰ ਬੇਨਤੀ ਕੀਤੀ ਅਤੇ ਕਿਹਾ, 'ਤੁਸੀ ਆਪਣੇ ਪੁੱਤਰਾਂ ਬਾਰੇ ਕੀ ਸੋਚਿਆ ਹੈ? ਤਦ ਹੁਕਮ ਹੋਇਆ, "ਆਪ ਆਪਣੇ ਪੇਕੇ ਬਕਾਲਾ ਨਗਰ ਚਲੀ ਜਾਓ ਅਤੇ ਬੇਟੇ ਤੇ ਨੂੰਹ ਨੇ ਵੀ ਉਥੇ ਹੀ ਨਿਵਾਸ ਕਰਨਾ ਹੋਵੇਗਾ, ਸਮਾਂ ਆਉਣ ਤੇ ਪ੍ਰਭੂਇੱਛਾ ਨਾਲ ਉਹ ਸਭ ਕੁਝ ਤੇਗ ਬਹਾਦਰ ਨੂੰ ਪ੍ਰਾਪਤ ਹੋਵੇਗਾ, ਜਿਸ ਦਾ ਉਹ ਅਧਿਕਾਰੀ ਹੈ।' ਮਾਤਾ ਨਾਨਕੀ ਜੀ ਸੰਤੁਸ਼ਟ ਹੋ ਗਏ ਅਤੇ ਬਚਨ ਮੰਨ ਕੇ ਉਹ ਆਪਣੇ ਪੁੱਤਰ ਤੇ ਨੂੰਹ ਦੇ ਨਾਲ ਬਕਾਲਾ ਨਗਰ ਚਲੇ ਗਏ ਅਤੇ ਉਸ ਸਮੇਂ ਦੀ ਉਡੀਕ ਕਰਨ ਲੱਗੇ। ਇਸ ਦੌਰਾਨ ਗੁਰੂਹਰਿ ਰਾਇ ਜੀ ਨੇ ਆਪਣੀ ਅੰਤਿਮ ਅਵਸਥਾ ਵਿਚ ਗੁਰਿਆਈ ਦੀ ਗੱਦੀ ਆਪਣੇ ਵੱਡੇ ਪੁੱਤਰ ਰਾਮ ਗਾਇ ਜੀ ਨੂੰ ਨਾ ਦੇ ਕੇ ਆਪਣੇ ਛੋਟੇ ਪੁੱਤਰ (ਗੁਰੂ) ਹਰਿ ਕ੍ਰਿਸ਼ਨ ਜੀ ਨੂੰ ਦੇ ਦਿੱਤੀ।

## 'ਉਤਰਾਧਿਕਾਰੀ ਦੀ ਚੋਣ ਤੇ ਸੰਕੇਤ'

ਸ੍ਰੀ ਗੁਰੂਹਰਿ ਕ੍ਰਿਸ਼ਨ ਸਾਹਿਬ ਜੀ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਉਤਰਾਧਿਕਾਰੀ ਦੀ ਚੋਣ ਕਰ ਗਏ ਸਨ। ਕੁਝ ਪ੍ਰਮੁੱਖ ਸੇਵਕਾਂ ਦੇ ਪੁੱਛਣ ਤੇ ਕਿ ਤੁਹਾਡੇ ਜੋਤੀ-ਜੋਤ ਸਮਾਉਣ ਦੇ ਬਾਅਦ ਸ੍ਰੀ ਗੁਰੂਨਾਨਕ ਦੇਵ ਜੀ ਦੀ ਗੱਦੀ ਤੇ ਕੌਣ ਬਿਰਾਜਮਾਨ ਹੋਵੇਗਾ? ਜੁਆਬ ਵਿਚ ਗੁਰੂਜੀ ਨੇ ਗੁਰੂਪਰੰਪਰਾ ਅਨੁਸਾਰ ਕੁਝ ਸਮੱਗਰੀ ਇੱਕ ਥਾਲ ਵਿਚ ਰੱਖ ਕੇ ਉਸ ਥਾਲ ਨੂੰ ਆਰਤੀ ਉਤਾਰਨ ਦੇ ਅੰਦਾਜ਼ ਵਿਚ ਘੁੰਮਾ ਕੇ ਬਚਨ ਕੀਤਾ, "ਬਾਬਾ ਵੱਸੇ ਗ੍ਰਾਮ (ਨਗਰ) ਬਕਾਲੇ ! ਉਨ੍ਹਾਂ ਦਿਨ੍ਹਾਂ ਵਿਚ ਗੁਰੂਪਰਿਵਾਰ ਨਾਲ ਸੰਬੰਧਿਤ ਕੇਵਲ ਸ੍ਰੀ ਗੁਰੂਤੇਗ ਬਹਾਦਰ ਜੀ ਹੀ ਆਪਣੇ ਨਾਨਕੇ ਪਿੰਡ ਵਿਚ ਰਹਿੰਦੇ ਸਨ। ਇਹ ਗੱਲ ਸਾਰੇ ਜਾਣਦੇ ਸਨ। ਰਿਸ਼ਤੇ ਵਿਚ ਸ੍ਰੀ ਗੁਰੂਤੇਗ ਬਹਾਦਰ ਜੀ, ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਦੇ ਬਾਬਾ ਅਰਥਾਤ ਦਾਦਾ ਲੱਗਦੇ ਸਨ। ਪਰ ਸਿੱਖ ਪਰਮਪਰਾ ਵਿਚ ਬਾਬਾ ਸ਼ਬਦ ਦੀ ਵਰਤੋਂ ਗੁਰੂਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਮਹਾਨ ਵਿਭੂਤੀਆਂ ਲਈ ਵੀ ਹੁੰਦੀ ਸੀ। ਇੱਕ ਸ਼ਬਦ ਦੇ ਦੋ ਅਰਥਾਂ ਦੇ ਕਾਰਣ ਕੁਝ ਸਵਾਰਥੀ ਅਤੇ ਲਾਲਚੀ ਵਿਅਕਤੀਆਂ ਨੇ ਆਮ ਜਨਤਾ ਨੂੰ ਭਰਮ ਜਾਲ ਵਿਚ ਫਸਾ ਕੇ ਆਪਣੀ ਪੂਜਾ ਕਰਵਾਉਣ ਦੇ ਵਿਚਾਰ ਨਾਲ ਪੰਜਾਬ ਦੇ ਬਕਾਲਾ ਨਗਰ ਵਿਚ ਗੱਦੀ ਲਾ ਕੇ ਆਪਣੇ ਆਪ ਨੂੰ ਅਸਲੀ ਗੁਰੂਹੋਣ ਦਾ ਦਾਅਵਾ ਪੇਸ਼ ਕਰ ਰਹੇ ਸਨ। ਹੌਲੀ-ਹੌਲੀ ਉਨ੍ਹਾਂ ਦੀ ਗਿਣਤੀ 22 ਤੱਕ ਪਹੁੰਚ ਗਈ।

ਗੁਰੁਪਰੰਪਰਾ ਅਨੁਸਾਰ ਦਿੱਲੀ ਤੋਂ ਉਹ ਵਸਤੂਆਂ ਜਿਹੜੀਆਂ ਗੁਰੂਹਰਿ ਕ੍ਰਿਸ਼ਨ ਜੀ ਨੇ ਆਪਣੇ ਦੁਆਰਾ ਚੁਣੇ ਨਵੇਂ ਗੁਰੂਜੀ ਲਈ ਭੇਜੀਆਂ ਸਨ, ਉਨ੍ਹਾਂ ਦੇ ਪਰਮ ਸੇਵਕ ਦੀਵਾਨ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਜੇਠਾ ਜੀ ਅਤੇ ਮਾਤਾ ਸੁਲੱਖਣੀ ਜੀ ਲੈ ਕੇ ਪਹਿਲਾਂ ਕੀਰਤਪੁਰ ਪਹੁੰਚੇ ਫਿਰ ਉਥੋਂ ਓਹ (ਬਾਬਾ) ਬਕਾਲੇ ਨਗਰ ਪਹੁੰਚੇ। ਪਰ ਉਥੇ ਤਾਂ ਉਨ੍ਹਾਂ ਦੀ ਆਸ ਦੇ ਉਲਟ ਦ੍ਰਿਸ਼ ਦੇਖਣ ਨੂੰ ਮਿਲਿਆ। ਸੋਢੀ ਧੀਰ ਮੱਲ ਕਰਤਾਪੁਰ ਤੋਂ ਅਤੇ ਪ੍ਰਿਥੀ ਚੰਦ ਦਾ ਪੋਤਾ ਹਰਿ ਜੀ ਅੰਮ੍ਰਿਤਸਰ ਤੋਂ ਉਥੇ ਆਪਣਾ-ਆਪਣਾ ਗੁਰੂਦੰਭ ਚਲਾ ਰਹੇ ਸਨ। ਜਦੋਂ ਉਨ੍ਹਾਂ ਤੋਂ ਪੁਛਿਆ ਗਿਆ ਕਿ ਉਹ ਲੋਕ ਉਥੋਂ ਦੇ ਨਿਵਾਸੀ ਤਾਂ ਹੈ ਹੀ ਨਹੀਂ ਅਤੇ ਨਾ ਹੀ ਗੁਰੂਹਰਿ ਕ੍ਰਿਸ਼ਨ ਜੀ ਦੇ ਰਿਸਤੇ ਵਿਚ ਬਾਬਾ ਲਗਦੇ ਸਨ, ਫਿਰ ਉਹ ਗੁਰੂਕਿਵੇਂ ਬਣੇ? ਤਾਂ ਜੁਆਬ ਵਿਚ ਉਹ ਕਹਿ ਦੇਂਦੇ ਕਿ ਉਨ੍ਹਾਂ ਦੀ ਇਥੇ ਸਿੱਖੀ ਸੇਵਕੀ ਹੈ, ਉਹ ਪ੍ਰਚਾਰ ਦੌਰੇ ਤੇ ਉਥੇ ਆਏ ਹੋਏ ਸਨ ਕਿ ਗੁਰੂਜੀ ਨੇ ਅੰਤਿਮ ਸਮੇਂ ਉਨ੍ਹਾਂ ਨੂੰ ਗੁਰ ਗੱਦੀ ਦਿੱਤੀ ਹੈ।

ਉਨ੍ਹਾਂ ਪਾਖੰਡੀ ਲੋਕਾਂ ਦੀ ਦੁਕਾਨਦਾਰੀ ਚਮਕਦੀ ਵੇਖ ਕੇ ਹੌਲੀ-ਹੌਲੀ ਆਪ ਹੀ ਬਣੇ ਗੁਰੂਆਂ ਦੀ ਸੰਖਿਆ ਵੱਧਣ ਲੱਗੀ, ਉਹ ਆਪਣੇ ਮਸੰਦਾ (ਸੇਵਕਾਂ) ਦੁਆਰਾ ਖੁੱਦ ਨੂੰ ਪੂਰਨ ਅਵਸਥਾ ਵਾਲੇ ਸਤਿਗੁਰੂਹੋਣ ਦਾ ਦਾਅਵਾ ਆਮ ਜਨਤਾ ਦੇ ਸਾਹਮਣੇ ਪੇਸ਼ ਕਰਦੇ ਰਹੇ। ਇਸ ਤਰ੍ਹਾਂ ਨੌਵੇਂ ਗੁਰੂਦੇ ਦਰਸ਼ਨਾਂ ਨੂੰ ਆਈ ਸੰਗਤ ਨੂੰ ਗੁੰਮਰਾਹ ਕਰਨ ਵਿਚ ਉਹ ਸਫਲ ਹੋ ਜਾਂਦੇ। ਵਿਵੇਕ ਬੁੱਧੀ ਵਾਲੇ ਜਗਿਆਸੂਉਨ੍ਹਾਂ ਢੋਂਗੀਆਂ ਨੂੰ ਵੇਖ ਕੇ ਦੁਬਿਧਾ ਵਿਚ ਸਨ ਕਿ ਉਨ੍ਹਾਂ ਵਿਚੋਂ ਅਸਲੀ ਗੁਰੂਕੌਣ ਹੋਵੇਗਾ? ਪਰ ਅਜਿਹਾ ਫੈਸਲਾ ਕਿਸ ਕਸੌਟੀ ਤੇ ਲਿਆ ਜਾਵੇ। ਇਹ ਸਮਸਿਆ ਬਣੀ ਹੋਈ ਸੀ। ਇਹੀ ਸਥਿਤੀ ਲਗਭਗ ਚਾਰ ਮਹੀਨੇ ਤੱਕ ਬਣੀ ਰਹੀ, ਤਦ ਤੱਕ ਇਨ੍ਹਾਂ ਦੰਭੀ ਗੁਰੂਆਂ ਦੀ ਗਿਣਤੀ 22 ਹੋ ਗਈ।

ਸ੍ਰੀ ਗੁਰੂਹਰਿ ਕ੍ਰਿਸ਼ਨ ਜੀ ਦਾ ਦਿੱਲੀ ਤੋਂ ਆਇਆ ਪ੍ਰਤਿਨਿਧੀ ਮੰਡਲ ਬਕਾਲਾ ਨਗਰ ਵਿਚ ਸ੍ਰੀ ਤੇਗ ਬਹਾਦਰ ਜੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਸਾਰੇ ਹਾਲਾਤਾਂ ਤੋਂ ਜਾਣੂਕਰਵਾਇਆ ਅਤੇ ਉਹ ਪਵਿੱਤਰ ਸਮੱਗਰੀ ਸੌਂਪ ਦਿੱਤੀ ਗਈ' ਫਿਰ ਭਲਾ, ਸ੍ਰੀ ਗੁਰੂਤੇਗ ਬਹਾਦਰ ਜੀ ਗੁਰੂਹਰਿ ਕ੍ਰਿਸ਼ਨ ਜੀ ਦਾ ਫੈਸਲਾ ਕਿਵੇਂ ਅਸਵੀਕਾਰ ਕਰ ਸਕਦੇ ਸਨ? ਪਰ ਜਦੋਂ ਉਨ੍ਹਾਂ ਨੂੰ ਵਿਧੀਵੱਤ ਘੋਸ਼ਣਾ ਦੀ ਗੱਲ ਕਹੀ ਗਈ ਤਾਂ ਉਹ ਬੋਲੋ, "ਫਿਲਹਾਲ (ਅਜੇ) ਇਸ ਗੱਲ ਨੂੰ ਭੇਤ ਹੀ ਬਣਿਆ ਰਹਿਣ ਦਿਓ। ਮੈਂ ਨਹੀਂ ਚਾਹੁੰਦਾ ਕਿ ਇਸ ਸਮੇਂ ਗੁਰੁ ਗੱਦੀ ਤੇ ਬੈਠ ਕੇ ਵਾਤਾਵਰਣ ਨੂੰ ਹੋਰ ਵੀ ਦੁਬਿਧਾ ਪੂਰਨ ਕਰ ਦਿੱਤਾ ਜਾਵੇ। ਸਮਾਂ ਆਵੇਗਾ ਸਾਰੇ ਝੂਠਾਂ ਦਾ ਮੂੰਹ ਕਾਲਾ ਹੋਵੇਗਾ ਤਾਂ ਉਹ ਖੁਦ ਹੀ ਭੱਜ ਜਾਵਗੇ।"

**ਕੂੜ ਨਿਖੁਟੇ ਨਾਨਕਾ ਉੜਕਿ ਸਚਿ ਰਹੀ।      (ਅੰਗ 953)**

ਫਿਰ ਮੈਂ ਖੁਦ ਹੀ ਸਿੱਖ ਪੰਥ ਦੀ ਅਗਵਾਈ ਸੰਭਾਲ ਲਵਾਂਗਾ। ਇਸ ਤਰ੍ਹਾਂ ਲਗਭਗ 4-5 ਮਹੀਨੇ ਤੱਕ ਸ੍ਰੀ ਗੁਰੂਤੇਗ ਬਹਾਦਰ ਜੀ ਸ਼ਾਤ ਰਹੇ। ਇਸ ਦੌਰਾਨ ਸੰਗਤ ਵਿਭਿੰਨ ਆਪੁ-ਬਣੇ ਗੁਰੂਆਂ ਦੇ ਕੋਲ ਆਉਂਦੀ ਜਾਂਦੀ ਰਹੀ, ਕੋਈ ਕਿਸੇ ਗੁਰੂਨੂੰ ਮੱਥਾ ਟੇਕਦਾ ਤੇ ਕੋਈ ਕਿਸੇ ਗੁਰੂਨੂੰ ਦਸਵੰਧ ਭੇਟਾ ਕਰਦਾ।

## 'ਗੁਰੂਲਾਧੋ ਰੇ'

ਸ੍ਰੀ ਗੁਰੂਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਪੰਥ ਤੇ ਸ਼ਰਧਾ ਰਖਣ ਵਾਲਾ ਇੱਕ ਅਮੀਰ ਵਪਾਰੀ ਮੱਖਣ ਸ਼ਾਹ ਜਿਸਦਾ ਦੇਸ਼-ਵਿਦੇਸ਼ ਵਿਚ ਮਾਲ ਆਯਾਤ-ਨਿਰਯਾਤ ਹੁੰਦਾ ਸੀ। ਇਕ ਵਾਰ ਇਕ ਜ਼ਹਾਜ਼ ਵਿਚ ਉਸਦਾ ਮਾਲ

ਲੱਦਿਆ ਹੋਇਆ ਸੀ ਕਿ ਸਮੁੰਦਰੀ ਤੂਫਾਨ ਦੇ ਕਾਰਣ ਜਹਾਜ਼ ਰਸਤਾ ਭਟਕ ਕੇ ਚਟਾਨਾਂ ਵਿਚ ਫਸ ਗਿਆ, ਤੂਫਾਨ ਰੁਕਣ ਤੇ ਜਹਾਜ ਰੇਤ ਵਿਚ ਫਸ ਗਿਆ। ਜਹਾਜ ਵਿਚ ਮਾਲ ਲੱਦਿਆ ਹੋਣ ਕਾਰਣ ਭਾਰ ਵੀ ਬਹੁਤ ਸੀ। ਹੁਣ ਉਹ ਜਹਾਜ ਕਿਸੇ ਤਰੀਕੇ ਵੀ ਦੁਬਾਰਾ ਸਮੁੰਦਰ ਵਿਚ ਤੈਰਨ ਦੀ ਹਾਲਤ ਵਿਚ ਨਹੀਂ ਸੀ। ਸਾਰੇ ਕਰਮਚਾਰੀਆਂ ਅਤੇ ਮਲਾਹਾਂ ਨੇ ਆਪਣੇ ਸਾਰੇ ਯਤਨ ਕਰਕੇ ਵੇਖ ਲਏ ਅਤੇ ਉਹ ਥੱਕ ਹਾਰ ਕੇ ਬੈਠ ਗਏ। ਤਦ ਵੀ ਮੱਖਣ ਸ਼ਾਹ ਨੇ ਹੌਂਸਲਾ (ਹਿੰਮਤ) ਨਹੀਂ ਛੱਡਿਆ, ਉਸਨੇ ਸਾਰਿਆਂ ਨੂੰ ਕਿਹਾ, "ਮੈਂ ਗੁਰੂਚਰਨਾਂ ਵਿਚ ਅਰਦਾਸ ਕਰਦਾ ਹਾਂ, ਮੈਨੂੰ ਪੂਰੀ ਆਸ ਹੈ ਕਿ ਭਗਵਾਨ ਸਾਡੀ ਸਹਾਇਤਾ ਜ਼ਰੂਰ ਕਰਨਗੇ," ਅੰਤ ਉਸਨੇ ਸਾਰਿਆਂ ਨੂੰ ਅਰਦਾਸ ਵਿਚ ਸ਼ਾਮਿਲ ਕਰਕੇ ਗੁਰੂਚਰਨਾਂ ਵਿਚ ਅਰਦਾਸ (ਬੇਨਤੀ ਅਰਜ਼ੋਈ) ਕੀਤੀ ਕਿ ਹੇ ਗੁਰੂਦੇਵ! ਮੇਰੇ ਇਸ ਜਹਾਜ ਨੂੰ ਜਿਵੇਂ ਕਿਵੇਂ ਫਿਰ ਪ੍ਾਣੀ ਵਿਚ ਉੱਤਾਰ ਦਿਓ, ਮੈਂ ਲਾਭ ਹੋਣ ਤੇ ਦਸਵੰਧ ਦੀ ਰਕਮ ਲੈ ਕੇ ਆਪ ਜੀ ਦੇ ਦਰਬਾਰ ਵਿਚ ਹਾਜ਼ਰ ਹੋਵਾਂਗਾ। ਅਰਦਾਸ ਪੂਰੀ ਹੋਣ ਤੇ ਸਾਰਿਆਂ ਨੇ ਫਿਰ ਤੋਂ ਜਹਾਜ਼ ਨੂੰ ਸਮੁੰਦਰ ਵਿਚ ਉਤਾਰਨ ਲਈ ਯਤਨ ਕੀਤੇ ਜਿਹੜੇ ਕਿ ਇਸ ਵਾਰ ਸਫਲ ਸਿੱਧ ਹੋਏ। ਸਾਰੇ ਹੀ ਹੈਰਾਨ ਵੀ ਸਨ ਕਿ ਇਸ ਵਾਰ ਸਹਿਜੇ ਹੀ ਜਹਾਜ਼ ਪਾਣੀ ਵਿਚ ਉਤਰ ਗਿਆ ਸੀ।

ਕੰਮ ਖਤਮ ਹੋਣ ਤੇ ਮੱਖਣ ਸ਼ਾਹ ਲਾਭ ਦਾ ਦਸਵੰਧ ਲੈ ਕੇ ਦਿੱਲੀ ਆਇਆ। ਉਥੋਂ ਉਸ ਨੂੰਪਤਾ ਲੱਗਾ ਕਿ ਅੱਠਵੇਂ ਗੁਰੂਸ੍ਰੀ ਹਰਿ ਕ੍ਰਿਸ਼ਨ ਜੀ ਜੋਤੀ-ਜੋਤਿ ਸਮਾਂ ਚੁੱਕੇ ਹਨ। ਹੁਣ ਉਨ੍ਹਾਂ ਦੇ ਸਥਾਨ ਤੇ ਨੌਵੇਂ ਗੁਰੂਬਕਾਲਾ ਨਗਰ ਵਿਖੇ ਹਨ। ਉਹ ਆਪਣੇ ਕਰਮਚਾਰੀਆਂ ਸਮੇਤ ਬਕਾਲਾ ਪਹੁੰਚਿਆ। ਉਥੇ ਉਸਨੂੰ ਬਹੁਤ ਵਿਚਿੱਤਰ ਸਥਿਤੀ ਦਾ ਸਾਹਮਣਾ ਕਰਨਾ ਪਿਆ, ਚਾਰੇ ਪਾਸੇ ਦੰਭੀ ਗੁਰੂਆਂ ਦੀ ਭਰਮਾਰ ਸੀ, ਜੋ ਜਿਹੜੇ ਉਨ੍ਹਾਂ ਦੇ ਮਸੰਦ (ਏਜੰਟ), ਸ਼ਾਹੂਕਾਰ ਭਗਤਾਂ ਨੂੰ ਆਪਣੇ ਵੱਲ ਖਿੱਚਣ ਵਿਚ ਲੱਗੇ ਹੋਏ ਸਨ। ਮੱਖਣ ਸ਼ਾਹ ਉੱਲਝਣ ਵਿਚ ਫਸ ਗਿਆ, ਅਨੇਕ ਗੁਰੂਆਂ ਨੂੰ ਵੇਖ ਕੇ ਉਸ ਦਾ ਦਿਮਾਗ ਚਕਰਾਉਣ ਲੱਗਾ।

ਮੱਖਣ ਸ਼ਾਹ ਉਨ੍ਹਾਂ ਦੀਆਂ ਸਵਾਰਥ ਪੂਰਨ ਅਤੇ ਖਿਚੋਤਾਣ ਦੀਆਂ ਗੱਲਾਂ ਨੂੰ ਇੱਕ ਕੰਨ ਤੋਂ ਸੁਣਦਾ ਤੇ ਦੂਜੇ ਕੰਨ ਤੋਂ ਕੱਡ ਦੇਦਾ। ਉਹ ਆਪਣੇ ਮਨ ਵਿਚ ਸੋਚਦਾ, ਇਹ ਸਾਰੇ ਤਾਂ ਭਿਖਾਰੀ ਹਨ। ਗੁਰੂਤਾਂ ਦਾਤਾ ਹੁੰਦਾ ਹੈ, ਉਹ ਕਿਸੇ ਅੱਗੇ ਹੱਥ ਨਹੀਂ ਫੈਲਾਉਂਦਾ ਅਤੇ ਨਾ ਹੀ ਕਿਸੇ ਅਣਜਾਣ ਦੇ ਸਾਹਮਣੇ ਹੱਕ ਜਤਾਉਂਦਾ ਹੈ। ਜੇ ਮੇਰਾ ਦਸਵੰਧ ਅਸਲੀ ਗੁਰੂਕੋਲ ਨਾ ਪਹੁੰਚਿਆ ਤਾਂ ਇਹ ਮੇਰੀ ਸਭ ਤੋਂ ਵੱਡੀ ਨਾ-ਸਮਝੀ ਹੋਵੇਗੀ।

ਮੱਖਣ ਸ਼ਾਹ ਇਸੇ ਉਧੇੜ ਬੁਣ ਵਿਚ ਸੀ ਕਿ ਉਸਨੇ ਇਕ ਤਰਕੀਬ ਨਾਲ ਕੰਮ ਕਰਨ ਦਾ ਮਨ ਬਣਾਇਆ, ਜਿਸ ਨਾਲ ਸੱਚੇ ਗੁਰੂਕੋਲ ਪਹੁੰਚਿਆ ਜਾ ਸਕੇ। ਉਸਨੇ ਅਸਲੀਂ ਗੁਰੂਜੀ' ਨੂੰ ਪਛਾਵਨ ਲਈ ਸਾਰਿਆਂ ਦੀ ਪ੍ਰੀਖਿਆ ਲੈਣੀ ਸ਼ੁਰੂਕਰ ਦਿੱਤੀ। ਉਹ ਹਰੇਕ ਗੁਰੂਦੇ ਅੱਗੇ ਦੋ-ਦੋ ਮੋਹਰਾਂ ਭੇਂਟ ਕਰਦਾ ਗਿਆ। ਉਸ ਦਾ ਵਿਚਾਰ ਸੀ ਕਿ ਸੱਚੇ ਗੁਰੂਜੀ ਦਸਵੰਧ ਦੀ ਪੂਰੀ ਰਕਮ ਖੁਦ ਹੀ ਦੱਸ ਦੇਣਗੇ ਅਤੇ ਉਸਦੇ ਜਹਾਜ਼ ਦੇ ਸਮੁੰਦਰ ਵਿਚ ਫੱਸਣ ਦੀ ਗੱਲ ਵੀ ਉਸਨੂੰ ਦੱਸਵਗੇ। ਪਰ ਉਸਨੂੰ ਨਿਰਾਸ਼ਾ ਹੋਈ। ਕਿਸੇ ਵੀ ਢੌਂਗੀਂ ਗੁਰੂਨੇ ਉਸ ਨੂੰ ਅਜਿਹਾ ਕੁਝ ਨਹੀਂ ਕਿਹਾ ਬਲਕਿ ਉਨ੍ਹਾਂ ਨੇ ਖੁਸ਼ੀ-ਖੁਸ਼ੀ ਦੋ-ਦੋ ਮੋਹਰਾਂ ਸਵੀਕਾਰ ਕਰ ਲਈਆਂ ਜਦੋਂ ਮੱਖਣ ਸ਼ਾਹ ਤੋਂ ਬਾਕੀ ਮੋਹਰਾਂ ਦਾ ਕਿਸੇ ਨੇ ਤਕਾਜ਼ਾ ਨਾ ਕੀਤਾ ਤਦਉਹ ਉਥੋਂ ਦੇ ਲੋਕਾਂ ਤੋਂ ਪੁੱਛਣ ਲੱਗਾ, ਕੀ ਗੁਰੂ-ਵੰਸ਼ ਦਾ ਕੋਈ ਹੋਰ ਵੀ ਵਿਅਕਤੀ ਇਥੇ ਰਹਿੰਦਾ ਹੈ? ਉਸਨੇ ਬਕਾਲਾ ਨਗਰ ਦੀਆਂ ਗਲੀਆਂ ਵਿਚ ਕੁਝ ਬੱਚਿਆਂ ਨੂੰ ਖੇਡਦਿਆਂ ਵੇਖਿਆ ਤਾਂ ਉਸਨੇ ਉਨ੍ਹਾਂ ਤੋਂ ਫਿਰ ਇਹੀ

ਪ੍ਰਸ਼ਨ ਪੁਛਿਆ, ਤਦ ਇੱਕ ਬੱਚੇ ਕੇ ਦੱਸਿਆ ਕਿ ਉਥੇ 'ਤੇਗਾ' ਨਾਂ ਦਾ ਗੁਰੂਵੰਸ਼ ਦਾ ਇੱਕ ਵਿਅਕਤੀ ਰਹਿੰਦਾ ਹੈ ਪਰ ਉਹ ਕਿਸੇ ਨੂੰ ਮਿਲਦਾ-ਜੁਲਦਾ ਨਹੀਂ। ਮੱਖਣ ਸ਼ਾਹ ਨੇ ਉਸ ਬੱਚੇ ਤੋਂ ਉਨ੍ਹਾਂ ਦੇ ਘਰ ਦਾ ਪਤਾ ਪੁੱਛਿਆ ਅਤੇ ਉਥੇ ਜਾ ਪਹੁੰਚਿਆ। ਮਾਤਾ ਨਾਨਕੀ ਜੀ ਨਾਲ ਭੇਂਟ ਹੋਈ। ਉਨ੍ਹਾਂ ਨੇ ਦਸਿਆ, "ਉਹ (ਗੁਰੂ) ਤਾਂ ਭੋਰੇ ਵਿਚ ਭਜਨ ਕਰਨ ਵਿਚ ਰੁੱਝੇ ਰਹਿੰਦੇ ਹਨ।" ਮੱਖਣ ਸ਼ਾਹ ਉਥੇ ਪਹੁੰਚਿਆ, ਉਸ ਸਮੇਂ ਗੁਰੂਤੇਗ ਬਹਾਦਰ ਜੀ ਸਮਾਧੀ ਵਿਚ ਲੀਨ ਸਨ। ਉਸਨੇ ਪਹਿਲਾਂ ਵਾਂਗ ਹੀ ਦੋ ਮੋਹਰਾਂ ਗੁਰੂਜੀ ਦੇ ਸਨਮੁੱਖ ਰੱਖ ਕੇ ਸੀਸ ਝੁੱਕਾ ਦਿੱਤਾ। ਤਦ ਗੁਰੂਜੀ ਨੇ ਅੱਖਾਂ ਖੋਲੀਆਂ ਅਤੇ ਮੱਖਣ ਸ਼ਾਹ ਨੂੰ ਕਿਹਾ, " ਤੂੰ ਸਾਡੇ ਮੋਢੇ ਤੋਂ ਚਾਦਰ ਹਟਾ ਕੇ ਵੇਖ, ਉਥੇ ਅਜੇ ਵੀ ਜ਼ਖਮ ਹੈ, ਜਿਹੜਾ ਤੇਰੇ ਜਹਾਜ ਨੂੰ ਮੋਢਾ ਲਾਉਂਦੇ ਸਮੇਂ ਕਿੱਲਾਂ ਦੁਆਰਾ ਜ਼ਖਮੀ ਹੋਇਆ ਸੀ। ਸਾਨੂੰ ਤੇਰਾ ਧਨ ਨਹੀਂ ਚਾਹੀਦਾ, ਪਰ ਕਿਤੇ ਤੈਨੂੰ ਇਹ ਭਰਮ ਨਾ ਹੋ ਜਾਵੇ ਕਿ ਪੂਰਨ ਗੁਰੂਕੋਈ ਹੈ ਹੀ ਨਹੀਂ।"

ਇਸ ਤਰ੍ਹਾਂ ਮੱਖਣ ਸ਼ਾਹ ਨੂੰ ਇਹ ਪੱਕਾ ਸਬੂਤ ਮਿਲ ਗਿਆ ਕਿ ਸੰਕਟ ਦੇ ਸਮੇਂ ਵਿਚ ਉਸੇ ਗੁਰੂਸਾਹਿਬ ਨੇ ਉਸ ਦੇ ਜਹਾਜ ਨੂੰ ਕਿਨਾਰੇ ਲਾਇਆ ਸੀ ਅਤੇ ਉਹ ਮੋਢੇ ਦਾ ਜ਼ਖਮ ਉਸੇ ਦਾ ਚਿੰਨ੍ਹ ਹੈ। ਉਸਨੇ ਉਸੇ ਵੇਲੇ ਦਸਵੰਧ ਦੀ ਪੂਰੀ ਹਕਮ ਗੁਰੂਤੇਗ ਬਹਾਦਰ ਜੀ ਦੇ ਚਰਨਾਂ ਵਿਚ ਅਰਪਿਤ ਕਰ ਦਿੱਤੀ। ਗੁਰੂਜੀ ਨੇ ਸ਼ਰਧਾਵਾਨ ਸਿੱਖ ਦਾ ਤੋਹਫਾ ਸਵੀਕਾਰ ਕਰਦੇ ਹੋਏ ਕਿਹਾ, "ਗੁਰ-ਗੱਦੀ ਕੋਈ ਤਾਕਤ ਦਾ ਚਿੰਨ੍ਹ ਨਹੀਂ, ਅਥਵਾ ਮੌਜ-ਮੇਲੇ ਦਾ ਸਥਾਨ ਨਹੀਂ, ਇਹ ਤਾਂ ਇੱਕ ਮਹਾਨ ਜ਼ਿੰਮੇਵਾਰੀ ਹੈ। ਤਦ ਮੱਖਣ ਸ਼ਾਹ ਨੇ ਕਿਹਾ," ਮਹਾਰਾਜ਼! ਜੇ ਤੁਸੀਂ ਛਿਪੇ ਰਹੋਗੇ ਤਾਂ ਸਿੱਖ ਭਟਕ-ਭਟਕ ਕੇ ਸ਼ਰਧਾ ਹੀਨ ਹੋ ਜਾਣਗੇ, ਗੁਰੂਮਹਿਮਾ ਘੱਟ ਜਾਵੇਗੀ। ਜਦ ਆਪ ਜੀ ਨੇ ਮੇਰੇ ਵਰਗੇ ਅਧਰਮੀ ਦਾ ਜਹਾਜ਼ ਬਿਨ੍ਹਾਂ ਦੱਸੇ ਪਾਰ ਲਾ ਦਿੱਦਾ ਹੈ ਤਾਂ ਹੁਣ ਢੌਂਗੀਆਂ ਦੇ ਹੱਥੋਂ ਡੁਬਦੇ ਸਿੱਖ ਸਮੁਦਾਇ ਨੂੰ ਵੀ ਬਚਾਉਂਣ ਦੀ ਕ੍ਰਿਪਾਲਤਾ ਕਰੋ।"

ਗੁਰੂਜੀ ਨੇ ਵੀ ਮਹਿਸੂਸ ਕੀਤਾ ਕਿ ਹੁਣ ਉਹ ਸਮਾਂ ਆ ਗਿਆ ਹੈ, ਜਦੋਂ ਉਨ੍ਹਾਂ ਨੂੰ ਪ੍ਰਗਟ ਹੋਣਾ ਚਾਹੀਦਾ ਹੈ। ਇਸ ਲਈ ਗੁਰੂਜੀ ਤੋਂ ਆਗਿਆ ਪ੍ਰਾਪਤ ਕਰ ਕੇ ਮੱਖਣ ਸ਼ਾਹ ਨੇ ਉਥੇ ਇੱਕ ਉੱਚੇ ਮਕਾਨ ਦੀ ਛੱਤ ਤੇ ਚੜ੍ਹ ਕੇ ਉੱਚੀ ਆਵਾਜ਼ ਵਿਚ ਸੰਗਤ ਨੂੰ ਸੰਦੇਸ਼ ਦਿੱਤਾ-ਗੁਰੂਲਾਧੋ ਰੇ, ਗੁਰੂਲਾਧੋ ਰੇ, ਅਰਥਾਤ ਪੂਰਨ ਗੁਰੂਖੋਜ ਲਿਆ ਹੈ।

ਜਿਉਂ ਹੀ ਇਸ ਘਟਨਾ ਦਾ ਸੰਗਤ ਨੂੰ ਗਿਆਨ ਹੋਇਆ, ਉਹ ਢੌਂਗੀਆਂ ਦੇ ਚੁੰਗਲ ਵਿਚੋਂ ਨਿਕਲ ਕੇ ਸ੍ਰੀ ਗੁਰੂਤੇਗ ਬਹਾਦਰ ਜੀ ਦੇ ਸਨਮੁੱਖ ਹਾਜ਼ਰ ਹੋਏ। ਉਥੇ ਸੰਗਤ ਅਤੇ ਸ਼ਰਧਾਵਾਨਾਂ ਨੇ ਤੋਹਫਿਆਂ ਦੇ ਢੇਰ ਲਾ ਦਿੱਤੇ। ਪੂਰਾ ਨਗਰ ਗੁਰੂਤੇਗ ਬਹਾਦਰ ਜੀ ਦੀ ਜੈ-ਜੈ ਕਾਰ ਨਾਲ ਗੂੰਜ ਉੱਠਿਆ।

ਹੌਲੀ-ਹੌਲੀ ਸਾਰੇ ਢੌਂਗੀ ਗੁਰੂਖਿੰਡਣੇ ਸ਼ੁਰੂਹੋ ਗਏ, ਪਰ ਧੀਰਮੱਲ ਸੱਤਵੇਂ ਗੁਰੂਦੇ ਜੇਠੇ ਪੁੱਤਰ ਇਹ ਸਭ ਵੇਖ ਸੁਣ ਕੇ ਕ੍ਰੋਧ ਨਾਲ ਪਾਗਲ ਹੋ ਗਿਆ। ਉਸਨੇ ਆਪਣੇ ਕੁਝ ਸਮਰਥਕਾਂ ਨੂੰ ਨਾਲ ਲੈ ਕੇ ਗੁਰੂਤੇਗ ਬਹਾਦਰ ਜੀ ਦੇ ਨਿਵਾਸ ਸਥਾਨ ਤੇ ਧਾਵਾ ਬੋਲ ਦਿੱਤਾ ਅਤੇ ਜਿਹੜਾ ਧਨ (ਪੈਸ਼ਾ) ਅਤੇ ਤੋਹਫੇ ਭੇਟਾ ਦੇ ਰੂਪ ਵਿਚ ਆਇਆ ਸੀ, ਉਸ ਨੂੰ ਲੁੱਟ ਕੇ ਲੈ ਗਏ। ਜਾਂਦੇ ਸਮੇਂ ਉਨ੍ਹਾਂ ਦੇ ਇੱਕ ਮਸੰਦ ਸ਼ੀਹਾਂ ਨੇ ਗੁਰੂਤੇਗ ਬਹਾਦਰ ਜੀ ਤੇ ਗੋਲੀ ਚਲਾ ਦਿੱਤੀ, ਜਿਹੜੀ ਗੁਰੂਜੀ ਦੇ ਕੰਨ ਤੇ ਜ਼ਖਮ ਕਰਦੀ ਹੋਈ ਨਿਕਲ ਗਈ।

ਮੱਖਣ ਸ਼ਾਹ ਦੇ ਡੇਰੇ ਵਿਚ ਵੀ ਇਸ ਗੋਲੀ ਕਾਂਡ ਦੀਆਂ ਖਬਰਾਂ ਪਹੁੰਚ ਗਈਆਂ, ਬਦਲੇ ਵਿਚ ਤੁਰੰਤ ਮੱਖਣ ਸ਼ਾਹ ਦੀ ਅਗਵਾਈ ਵਿਚ ਸਤਿਸੰਗੀ ਸਿੱਖਾਂ ਨੇ ਧੀਰਮੱਲ ਦੇ ਘਰ ਤੇ ਹਮਲਾ ਕੀਤਾ ਅਤੇ ਉਸਦਾ ਸਾਰਾ ਸਾਮਾਨ ਲੁੱਟ ਲਿਆ, ਜਿਸ ਵਿਚ 'ਆਦਿ ਸ੍ਰੀ ਗ੍ਰੰਥ ਸਾਹਿਬ' ਦੀ ਉਹ ਬੀੜ (ਪਾਂਡੂਲਿੱਪੀ) ਵੀ ਸੀ, ਜਿਸ ਨੂੰ ਗੁਰੂਅਰਜਨ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਤਿਆਰ ਕਰਵਾਇਆ ਸੀ, ਉਸੇ ਗਰੰਥ ਦੇ ਬਲਬੂਤੇ ਤੇ ਧੀਰਮੱਲ ਆਪਣੇ ਆਪ ਨੂੰ ਗੁਰੂਆਂ ਦਾ ਅਸਲੀ ਉਤਰਾਧਿਕਾਰੀ ਕਹਿ ਕੇ ਲੋਕਾਂ ਨੂੰ ਠੱਗ ਰਿਹਾ ਸੀ। ਮੱਖਣ ਸ਼ਾਹ ਦੇ ਕਰਮਚਾਰੀਆਂ ਨੇ ਧੀਰਮੱਲ ਤੇ ਉਸ ਪਿੱਛਲੱਗਾਂ ਦੀਆਂ ਮੁਸ਼ਕਾਂ ਬੰਨ੍ਹ ਦਿੱਤੀਆਂ, ਜਿਨ੍ਹਾਂ ਨੇ ਗੁਰੂਤੇਗ ਬਹਾਦਰ ਜੀ ਤੇ ਗੋਲੀ ਚਲਾਈ ਸੀ। ਉਹ ਸਾਰੀਆਂ ਚੀਜ਼ਾਂ ਅਤੇ ਵਿਅਕਤੀ ਗੁਰੂਤੇਗ ਬਹਾਦਰ ਜੀ ਦੇ ਸਨਮੁੱਖ ਪੇਸ਼ ਕੀਤੇ ਗਏ, ਪਰ ਗੁਰੂਜੀ ਨੇ ਸਭ ਨੂੰ ਮੁਆਫ ਕਰ ਦਿੱਤਾ, ਕਿਉਂਕਿ ਗੁਰੂਜੀ ਮੁਆਫ ਕਰ ਦੇਣ ਨੂੰ ਸਾਰੇ ਪ੍ਰਕਾਰ ਦੇ ਤਪ ਸਾਧਨਾਂ ਤੋਂ ਕਿਤੇ ਵੱਧ ਕਲਿਆਣਕਾਰੀ ਅਤੇ ਗੁੱਣ ਭਰਪੂਰ ਮੰਨਦੇ ਸਨ। ਇਥੋਂ ਤੱਕ ਕਿ ਲੁੱਟ ਦਾ ਸਾਰਾ ਸਾਮਾਨ ਵੀ ਵਾਪਸ ਕਰ ਦਿੱਤਾ, ਪਰ ਸਿੱਖਾਂ ਨੇ ਸਿਰਫ਼ ਉਹ ਪਵਿੱਤਰ ਗ੍ਰੰਥ (ਆਦਿ ਬੀੜ) ਵਾਪਸ ਨਹੀਂ ਕੀਤੀ।

ਮਾਤਾ ਨਾਨਕੀ ਜੀ ਦਾ ਵਿਚਾਰ ਸੀ ਕਿ ਆਦਿ ਬੀੜ (ਗ੍ਰੰਥ ਸਾਹਿਬ) ਦੀ ਨਕਲ ਉਤਰਵਾ ਕੇ ਉਸ ਦੀ ਦੂਜੀ ਕਾਪੀ ਤਿਆਰ ਹੋ ਜਾਣ ਤੇ ਮੁੱਖ ਬੀੜ ਵਾਪਸ ਦੇ ਦੇਣਗੇ। ਇਸ ਗੱਲ ਨੂੰ ਉਨ੍ਹਾਂ ਕੇ ਆਪਣੇ ਤੱਕ ਸੀਮਿਤ ਰਖਿਆ। ਇਹ ਭੇਤ ਸ੍ਰੀ ਗੁਰੂਤੇਗ ਬਹਾਦਰ ਜੀ ਨੂੰ ਨਹੀਂ ਦਸਿਆ ਗਿਆ ਕਿ ਉਨ੍ਹਾਂ ਨੇ 'ਆਦਿ ਗ੍ਰੰਥ ਸਾਹਿਬ ਦੀ ਬੀੜ' ਵਾਪਸ ਨਹੀਂ ਕੀਤੀ।

## "ਅੰਮ੍ਰਿਤਸਰ ਦੇ ਲਈ ਚਾਲੇ ਪਾਉਣੇ"

ਦੰਭੀ ਗੁਰੂਆਂ ਦੇ ਭੱਜਣ ਤੇ ਜਦੋਂ ਬਕਾਲਾ ਨਗਰ ਦੇ ਹਾਲਾਤ ਠੀਕ ਹੋਏ ਤਾਂ ਮੱਖਣ ਸ਼ਾਹ ਨੇ ਸ੍ਰੀ ਗੁਰੂਤੇਗ ਬਹਾਦਰ ਜੀ ਨੂੰ ਬੇਨਤੀ ਕੀਤੀ– 'ਹੇ ਗੁਰਦੇਵ! ਮੇਰੇ ਨਾਲ ਅੰਮ੍ਰਿਤਸਰ ਚਲੋਂ, ਮੈਂ ਸ਼੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ, ਜੇ ਤੁਹਾਡਾ ਸਾਥ ਮਿਲ ਜਾਵੇ ਤਾਂ ਮੇਰੀ ਇਹ ਯਾਤਰਾ ਸਫਲ ਹੋ ਜਾਵੇਗੀ।

ਸ੍ਰੀ ਗੁਰੂਤੇਗ ਬਹਾਦਰ ਜੀ ਖੁਦ ਵੀ ਦਰਬਾਰ ਸਾਹਿਬ ਦੀ ਦਰਸ਼ਨਾਂ ਦੀ ਅਭਿਲਾਸ਼ਾ ਰਖਦੇ ਸਨ, ਬਹੁਤ ਲੰਮਾ ਸਮਾਂ ਹੋ ਗਿਆ ਸੀ, ਉਨ੍ਹਾਂ ਨੂੰ ਅੰਮ੍ਰਿਤਸਰ ਦਾ ਫੇਰਾ ਪਾਇਆਂ। ਇਸ ਲਈ ਉਨ੍ਹਾਂ ਨੇ ਮੱਖਣ ਸ਼ਾਹ ਦੀ ਬੇਨਤੀ ਸਵੀਕਾਰ ਕਰ ਲਈ। ਇਸ ਤਰ੍ਹਾਂ ਗੁਰਦੇਵ ਆਪਣੇ ਪਰਿਵਾਰ ਸਮੇਤ ਅੰਮ੍ਰਿਤਸਰ ਲਈ ਚਲ ਪਏ, ਨਾਲ ਹੀ ਮੱਖਣ ਸ਼ਾਹ ਆਪਣੇ ਹਥਿਆਰਬੰਦ ਸੁਰੱਖਿਆ–ਕਰਮੀਆਂ ਨੂੰ ਲੈ ਕੇ ਚਲ ਪਿਆ।

ਉਨ੍ਹਾਂ ਦਿਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਤੇ ਪੰਚਮ ਪਾਤਸ਼ਾਹ ਦੇ ਵੰਸ਼ਜ ਪ੍ਰਿਥੀਚੰਦ ਦੇ ਪੋਤਰੇ ਹਰੀ ਜੀ ਨੇ (ਕਬਜ਼ਾ) ਨਿਯੰਤਰਣ ਕੀਤਾ ਹੋਇਆ ਸੀ। ਸ੍ਰੀ ਗੁਰੂਹਰਿਗੋਬਿੰਦ ਜੀ ਦੇ ਕਰਤਾਰਪੁਰ ਤੋਂ ਚਲੇ ਜਾਣ ਦੇ ਬਾਅਦ ਗੁਰੂਹਰਿ ਰਾਇ ਜੀ ਅਤੇ ਗੁਰੂਹਰਿ ਕ੍ਰਿਸ਼ਨ ਜੀ ਨੇ ਵੀ ਅੰਮ੍ਰਿਤਸਰ ਆ ਕੇ ਕਦੇ ਨਿਵਾਸ ਨਹੀਂ ਕੀਤਾ ਸੀ। ਇਸ ਲਈ ਖਾਲੀ ਥਾਂ ਮਿਲਣ ਕਰਕੇ ਮਿਹਰਬਾਨ ਅਤੇ ਉਸ ਦੇ ਪੁੱਤਰ ਹਰੀ ਜੀ ਇਸ ਸਥਾਨ ਦੇ ਗੱਦੀਦਾਰ ਪ੍ਰਬੰਧਕ ਬਣ ਬੈਠੇ ਸਨ। ਬਾਈਸ (22) ਦੰਭੀ ਗੁਰੂਆਂ ਵਿਚ ਇਕ ਗੁਰੂਬਕਾਲਾ ਨਗਰ ਵਿਚ ਹਰੀ ਜੀ ਵੀ ਸਨ।

ਜਿਉਂ ਹੀ ਅੰਮ੍ਰਿਤਸਰ ਦੇ ਸਥਾਨਕ ਮਸੰਦਾਂ ਅਤੇ ਹਰੀ ਜੀ ਨੂੰ ਗੁਰੂਜੀ ਦੇ ਆਉਣ ਦੀ ਸੂਚਨਾ ਮਿਲੀ, ਤਾਂ ਉਹ ਵਿਚਾਰ ਕਰਨ ਲੱਗਾ ਕਿ ਕਿਤੇ ਬਕਾਲਾ ਨਗਰ ਵਾਂਗ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਵੀ ਦੂਜੇ ਦੰਭੀ ਗੁਰੂਆ ਵਾਂਗ ਬਾਹਰ ਨਾ ਕੱਢ ਦਿੱਤਾ ਜਾਵੇ। ਇਸ ਲਈ ਉਨ੍ਹਾਂ ਦੇ ਮਨ ਵਿਚ ਇਹੀ ਡਰ ਬਣਿਆ ਰਿਹਾ। ਜਲਦੀ ਵਿਚ, ਉਨ੍ਹਾਂ ਨੂੰ ਕੁਝ ਸੁਝਿਆ ਨਹੀਂ। ਆਪਣੇ ਬਚਾਅ ਦੇ ਸਾਧਨ ਲੱਭਣ ਦੇ ਚੱਕਰ ਵਿਚ ਉਹ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਨੂੰ ਖਾਲੀ ਕਰਕੇ ਅਤੇ ਦਰਸ਼ਨੀ ਡਿਉਢੀ ਵਾਲੇ ਪ੍ਰਵੇਸ਼ ਦੁਆਰ ਨੂੰ ਤਾਲਾ ਲਾ ਕੇ ਆਪ ਕਿਤੇ ਲੁੱਕ ਗਏ।

ਜਦੋਂ ਸ੍ਰੀ ਗੁਰੂਤੇਗ ਬਹਾਦਰ ਜੀ ਦਾ ਕਾਫਲਾ ਪਰਕਰਮਾ ਵਿਚ ਪਹੁੰਚਿਆ ਤਾਂ ਉਨ੍ਹਾਂ ਨੇ ਵੇਖਿਆ ਕਿ ਦਰਬਾਰ ਸਾਹਿਬ ਦੇ ਅੰਦਰ ਜਾਣ ਅਸੰਭਵ ਹੈ ਭਾਵ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਤੇ ਜਿੰਦਰਾ ਲੱਗਾ ਹੋਇਆ ਹੈ। ਅਜਿਹੀ ਸਥਿਤੀ ਨੂੰ ਵੇਖ ਕੇ ਗੁਰੂਜੀ ਹੈਰਾਨ ਰਹਿ ਗਏ। ਸਭ ਲਈ ਬਰਾਬਰ ਰੂਪ ਵਿਚ ਖੁੱਲ੍ਹੇ ਰਹਿਣ ਵਾਲੇ ਹਰਿਮੰਦਰ ਸਾਹਿਬ ਦੇ ਦਰਵਾਜੇ ਨੂੰ ਬੰਦ ਵੇਖ ਕੇ ਉਨ੍ਹਾਂ ਦਾ ਮਨ ਉਦਾਸ ਹੋ ਗਿਆ ਉਹ ਤਾਂ ਅਡੋਲ ਅਤੇ ਸ਼ਾਤ ਹਿਰਦੇ ਦੇ ਸੁਆਮੀ ਸਨ। ਉਨ੍ਹਾਂ ਨੇ ਗੱਲ ਨੂੰ ਵਧਾਉਣਾ ਉਚਿਤ ਨਹੀਂ ਸਮਝਿਆ। ਉਹ ਤਾਂ ਸਿਰਫ ਦਰਸ਼ਨਾਂ ਲਈ ਗਏ ਸਨ, ਕਿਸੇ ਸਥਾਨ ਤੇ ਕਬਜ਼ਾ ਕਰਨ ਦੇ ਵਿਚਾਰ ਨਾਲ ਨਹੀਂ ਗਏ ਸਨ। ਅਜਿਹੇ ਵੇਲੇ ਉਨ੍ਹਾਂ ਨੇ ਸਹਿਜ ਭਾਵ ਨਾਲ ਹਰਿਮੰਦਰ ਦੀ ਪਰਕਰਮਾ ਕੀਤੀ ਅਤੇ ਪ੍ਰਭੂਚਰਨਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ, ਸੀਸ ਝੁਕਾ ਕੇ ਪ੍ਰਣਾਮ ਕੀਤਾ ਤੇ ਵਾਪਸੀ ਚਾਲੇ ਪਾ ਲਏ। ਉਹ ਥੋੜ੍ਹੀ ਦੂਰ ਜਾ ਕੇ ਬੇਰੀ ਦੇ ਇਕ ਦਰੱਖਤ ਦੇ ਹੇਠਾਂ ਬੈਠ ਗਏ ਅਤੇ ਮੱਖਣ ਸ਼ਾਹ ਦੀ ਉਡੀਕ ਕਰਮ ਲੱਗੇ। ਮੱਖਣ ਸ਼ਾਹ ਦਾ ਰੱਥ ਗਹ ਵਿਚ ਖਰਾਬ ਹੋ ਗਿਆ ਸੀ, ਜਿਸ ਦੀ ਉਹ ਮੁਰੰਮਤ ਕਰਵਾ ਰਿਹਾ ਸੀ, ਇਸੇ ਕਾਰਨ ਉਹ ਕਾਫਲੇ ਤੋਂ ਵਿਛੜ ਗਿਆ ਸੀ।

ਕੁਝ ਸਮਾਂ ਉਡੀਕਣ ਤੋਂ ਬਾਅਦ ਜਦ ਮੱਖਣ ਸ਼ਾਹ ਨਹੀਂ ਆਇਆ ਤਾਂ ਆਪ ਜੀ ਉਥੋਂ ਉੱਠ ਕੇ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਆ ਗਏ। ਆਪ ਜੀ ਨੇ ਉੱਥੇ ਵੀ ਮੱਖਣ ਸ਼ਾਹ ਦੀ ਉਡੀਕ ਕੀਤੀ ਪਰ ਉਹ ਨਹੀਂ ਪਹੁੰਚਿਆ। ਤਦ ਆਪ ਜੀ ਫਿਰ ਅੱਗੇ ਵਧਦੇ ਹੋਏ "ਵੱਲਾ" ਪਿੰਡ ਪਹੁੰਚ ਗਏ। ਉਥੇ ਆਪ ਜੀ ਨੇ ਪਿੱਪਲ ਦੇ ਹੇਠਾਂ ਆਰਾਮ ਕੀਤਾ।

ਉਥੋਂ ਦੀ ਇੱਕ ਔਰਤ, ਜਿਹੜੀ ਆਪ ਜੀ ਦੀ ਪਰਮ ਭਗਤ ਸੀ, ਨੇ ਆਪ ਜੀ ਨੂੰ ਪਛਾਣ ਲਿਆ, ਉਸਨੇ ਬਹੁਤ ਨਿਮਰਤਾ ਨਾਲ ਬੇਨਤੀ ਕੀਤੀ ਕਿ ਹੇ ਗੁਰੂਦੇਵ! ਕ੍ਰਿਪਾ ਕਰਕੇ ਉਸਦੇ ਗ੍ਰਹਿ ਪਧਾਰਣ ਦੀ ਕ੍ਰਿਪਾਲਤਾ ਕਰਕੇ ਉਸ ਨੂੰ ਸੇਵਾ ਦਾ ਇੱਕ ਮੌਕਾ ਬਖਸ਼ੋਣ। ਗੁਰੂਜੀ ਨੇ ਉਸ ਦੀ ਬੇਨਤੀ ਸਵੀਕਾਰ ਕਰ ਲਈ। ਇਸ ਤਰ੍ਹਾਂ ਗੁਰੂਜੀ ਉਸ ਔਰਤ ਦੇ ਮਹਿਮਾਨ ਬਣ ਗਏ। ਉਸ ਔਰਤ ਨੇ ਸੱਚੇ ਮਨ ਨਾਲ ਆਪ ਜੀ ਦੀ ਸੇਵਾ ਕੀਤੀ, ਇੰਨੇ ਸਮੇਂ ਤੱਕ ਮੱਖਣ ਸ਼ਾਹ ਵੀ ਆਪ ਜੀ ਨੂੰ ਲੱਭਦੇ ਹੋਏ ਉਥੇ ਪਹੁੰਚ ਗਿਆ।

ਮੱਖਣ ਸ਼ਾਹ ਨੇ ਗੁਰੂਜੀ ਤੋਂ ਵਿਛੜ ਜਾਣ ਦੇ ਕਾਰਣ ਮੁਆਫੀ ਮੰਗੀ। ਤਦ ਗੁਰੂਜੀ ਨੇ ਦਸਿਆ ਕਿ ਉਹ ਜਾਣਦੇ ਸਨ ਕਿ ਇਥੇ ਈਰਖਾਵੱਸ ਸਥਾਨਕ ਮਸੰਦ ਬੁਰਾ ਸਲੂਕ ਕਰਨਗੇ, ਇਸ ਲਈ ਉਹ ਇਥੇ ਆਉਣਾ ਨਹੀਂ ਚਾਹੁੰਦੇ ਸਨ ਕਿਉਂਕਿ ਉਹ ਸੋਚਦੇ ਹਨ ਕਿ ਉਨ੍ਹਾਂ ਲੋਕਾਂ ਨੂੰ ਦਰਬਾਰ ਸਾਹਿਬ ਤੋਂ ਬੇਦਖਲ ਕਰ ਦਿੱਤਾ ਜਾਵੇਗਾ, ਪਰ ਆਪ ਜੀ ਤਾਂ ਕੇਵਲ ਦਰਸ਼ਨ ਕਰਨ ਦੀ ਇੱਛਾ ਨਾਲ ਉਥੇ ਆਏ ਹਨ।

ਇਸ ਪੂਰੀ ਘਟਨਾ ਤੇ ਟਿੱਪਣੀ ਕਰਕੇ ਹੋਏ ਮੱਖਣ ਸ਼ਾਹ ਨੇ ਕਿਹਾ, "ਆਪ ਜੀ ਨੇ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ ਕਿ ਇਥੇ ਕੀ ਅਨਰਥ ਹੋ ਰਿਹਾ ਸੀ? ਕ੍ਰਿਪਾ ਕਰਕੇ ਇਸ ਮਹਾਨ ਪੁੰਨ ਵਾਲੀ ਧਰਤੀ ਦਾ ਉਧਾਰ ਕਰਨ ਲਈ ਇਨ੍ਹਾਂ ਦੁਸ਼ਟਾਂ ਤੋਂ ਇਸ ਨੂੰ ਮੁਕਤੀ ਦਿਵਾਉਣ ਦੀ ਕ੍ਰਿਪਾਲਤਾ ਕਰੋ, ਜਿਸ ਤਰ੍ਹਾਂ ਬਾਬਾ ਬਕਾਲਾ ਨਗਰ ਵਿਚ ਇਨ੍ਹਾਂ ਢੰਭੀ, ਆਪੂੰ ਬਣੇ ਗੁਰੂਆਂ ਨੇ ਸਵਾਰਥ ਸਿੱਧੀ ਕਾਰਨ ਜਨ-ਸਾਧਾਰਨ ਨੂੰ ਗੁੰਮਰਾਹ ਕਰ ਰਖਿਆ ਸੀ, ਠੀਕ ਉਸੇ ਤਰ੍ਹਾਂ ਇਥੇ ਵੀ ਇਨ੍ਹਾਂ ਲੋਕਾਂ ਨੇ ਗੱਦਰ ਮੱਚਾ ਰਖਿਆ ਹੈ ਅਤੇ ਮਨ-ਮਰਜ਼ੀਆਂ ਕਰਦੇ ਹਨ। ਕ੍ਰਿਪਾ ਕਰਕੇ ਆਪ ਜੀ ਮੈਨੂੰ ਆਗਿਆ ਦਿਓ, ਮੈਂ ਇਸ ਪਵਿੱਤਰ ਧਰਤੀ ਤੇ ਸੱਚੇ ਪਾਤਸ਼ਾਹ ਦੀ ਪਾਤਸ਼ਾਹੀ ਕਾਇਮ ਵੇਖਣਾ ਚਾਹੁੰਦਾ ਹਾਂ।

ਗੁਰੂਤੇਗ ਬਹਾਦਰ ਜੀ ਮਖਣ ਸ਼ਾਹ ਦੀਆਂ ਭਾਵਨਾਵਾਂ ਨੂੰ ਸਮਝਦੇ ਸਨ। ਪਰ ਉਨ੍ਹਾਂ ਨੇ ਕਿਹਾ, "ਮੱਖਵਸ਼ਾਹ ਮੇਰੇ ਵਿਚ ਤੇ ਉਨ੍ਹਾਂ ਵਿਚ ਕੀ ਅੰਤਰ ਰਹਿ ਜਾਵੇਗਾ, ਜੇ ਅਸੀਂ ਵੀ ਉਨ੍ਹਾਂ ਵਾਂਗ ਸ਼ਕਤੀ ਨਾਲ ਸੰਪਤੀ ਹਥਿਆਉਣ ਲੱਗੇ।"

ਮੱਖਣ ਸ਼ਾਹ ਨੇ ਗੁਰੂਜੀ ਦੇ ਤਰਕ ਨੂੰ ਸਮਝਿਆ ਅਤੇ ਮਨ ਮਾਰ ਕੇ ਰਹਿ ਗਿਆ।

ਜਦੋਂ ਅੰਮ੍ਰਿਤਸਰ ਦੀ ਸੰਗਤ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਨੌਵੇ ਪਾਤਸ਼ਾਹ ਸ੍ਰੀ ਗੁਰੂਤੇਗ ਬਹਾਦਰ ਜੀ ਤੋਂ ਮੁਆਫੀ ਮੰਗਣ ਲਈ 'ਵੇਲਾ' ਪਿੰਡ ਪਹੁੰਚ ਗਏ। ਉਨ੍ਹਾਂ ਨੇ ਪੁਜਾਰੀਆਂ ਦੇ ਬੁਰੇ ਵਤੀਰੇ ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਵਿਚ ਵਧੇਰੇ ਔਰਤਾਂ ਸਨ। ਆਪ ਜੀ ਨੇ ਸਾਰਿਆਂ ਨੂੰ ਹੌਸਲਾ ਦਿੱਤਾ ਅਤੇ ਕਿਹਾ, "ਵਿਧਾਤਾ ਦੀ ਇਹੀ ਇੱਛਾ ਸੀ।" ਤਦ ਮਾਤਾਵਾ ਨੇ ਆਪ ਜੀ ਨੂੰ ਵਾਪਸ ਚਲਣ ਲਈ ਬੇਨਤੀ ਕੀਤੀ ਪਰ ਵਾਪਸ ਜਾਣਾ ਉਨ੍ਹਾਂ ਨੇ ਸਵੀਕਾਰ ਨਹੀਂ ਕੀਤਾ। ਪਰ ਆਪ ਜੀ ਉਨ੍ਹਾਂ ਦੀ ਨਿਮਰਤਾ ਤੇ ਸੰਤੁਸ਼ਟ ਸਨ। ਇਸ ਲਈ ਉਨ੍ਹਾਂ ਨੂੰ ਅਸੀਸ ਦਿੱਤੀ 'ਮਾਈਆਂ ਰੱਬ ਰਜਾਈਆਂ' ਅਰਥਾਤ ਭਗਵਾਨ ਨੇ ਮਾਤਾਵਾਂ ਜਿਨ੍ਹਾਂ ਨੂੰ ਸੰਸਾਰ ਤ੍ਰਿਪਤ ਕਰਨ ਲਈ ਹੀ ਪੈਦਾ ਕੀਤਾ ਹੈ।

## ਦੂਜੇ ਗੁਰੂਧਾਮਾਂ ਦੀਆਂ ਯਾ ਤਰਾਵਾਂ

ਅੰਮ੍ਰਿਤਸਰ ਦੀ ਸੰਗਤ ਨੇ ਪਛਤਾਵਾ ਕੀਤਾ ਪਰ ਗੁਰੂਜੀ ਵਾਪਸ ਨਹੀਂ ਆਏ। ਉਹ ਤਰਨਤਾਰਨ ਨਗਰ ਲਈ ਚਲ ਪਏ। ਉਨ੍ਹਾਂ ਨੇ ਉਥੇ ਪਵਿਤਰ ਸਰੋਵਰ ਵਿਚ ਵਿਸ਼ਨਾਨ ਕੀਤਾ। ਉਥੋਂ ਦੇ ਕੁਸ਼ਟ ਨਿਵਾਰਣ ਆਸ਼ਰਮ ਵਿਚ ਆਪਣੇ ਹੱਥਾਂ ਨਾਲ ਕੁਸ਼ਟ ਰੋਗੀਆਂ ਦੀ ਸੇਵਾ ਕੀਤੀ ਅਤੇ ਉਨ੍ਹਾਂ ਦੇ ਲਈ ਆਰਥਿਕ ਸਹਾਇਤਾ ਦਾ ਪ੍ਰਬੰਧ ਕੀਤਾ। ਸੰਸਾਰ ਦਾ ਸਭ ਤੋਂ ਉੱਤਮ ਕੁਸ਼ਟ ਆਸ਼ਰਮ ਆਪ ਜੀ ਦੇ ਦਾਦਾ ਜੀ ਸ੍ਰੀ ਗੁਰੂਅਰਚਨ ਦੇਵ ਜੀ ਨੇ ਸਥਾਪਿਤ ਕੀਤਾ ਸੀ। ਉਥੋਂ ਆਪ ਜੀ ਗੋਇੰਦਵਾਲ ਸਾਹਿਬ ਪਹੁੰਚੇ। ਗੋਇੰਦਵਾਲ ਸਾਹਿਬ ਵਿਖੇ ਉਥੇ ਵਸਦੇ ਗੁਰੂਵੰਸਜ਼ ਨੇ ਆਪ ਜੀ ਦਾ (ਭਰਪੂਰ) ਨਿੱਘਾ ਸੁਆਗਤ ਕੀਤਾ। ਆਪ ਜੀ ਕੁਝ ਦਿਨ ਉਥੇ ਠਹਿਰੇ ਅਤੇ ਆਪਣੇ ਪ੍ਰਵਚਨਾਂ ਨਾਲ ਉਥੋਂ ਦੀ ਸੰਗਤ ਨੂੰ ਕ੍ਰਿਤਾਰਥ ਕੀਤਾ ਅਤੇ ਉਨ੍ਹਾਂ ਤੋਂ ਆਗਿਆ ਲੈ ਕੇ ਬਾਬਾ ਬਕਾਲਾ ਨਗਰ ਵਾਪਸ ਆ ਗਏ।

## "ਆਨੰਦਪੁਰ ਸਾਹਿਬ ਦੀ ਆਧਾਰ ਸ਼ਿਲਾ ਰਖਣਾ"

ਬਾਬਾ ਬਕਾਲਾ ਨਗਰ ਵਿਚ ਸ੍ਰੀ ਗੁਰੂਤੇਗ ਬਹਾਦਰ ਜੀ ਨੂੰ ਗੁਰੂਧਾਮਾਂ ਦੀ ਯਾਤਰਾ ਕਰਕੇ ਆਇਆ ਲਗਭਗ ਦੋ ਮਹੀਨੇ ਹੋ ਗਏ ਸਨ, ਤਦ ਉਨ੍ਹਾਂ ਨੂੰ ਕੀਰਤਪੁਰ ਸਾਹਿਬ ਤੋਂ ਮਾਤਾ ਕਿਸ਼ਨ ਕੌਰ ਜੀ (ਗੁਰੂਹਰਿ ਕ੍ਰਿਸ਼ਨ ਜੀ ਦੀ ਮਾਤਾ ਜੀ) ਦਾ ਸੁਨੇਹਾ ਪਹੁੰਚਿਆ, ਜਿਸ ਵਿਚ ਉਨ੍ਹਾਂ ਨੇ ਆਪ ਜੀ ਨੂੰ ਬੇਨਤੀ ਕੀਤੀ ਸੀ ਕਿ ਆਪ ਜੀ ਕੀਰਤਪੁਰ ਪਹੁੰਚਣ ਅਤੇ ਉਥੇ ਹੀ ਪੁਨਰਨਿਵਾਸ ਦਾ ਪ੍ਰਬੰਧ ਕਰਨ।

ਹੁਣ ਆਪ ਜੀ ਨੇ ਆਪਣਾ ਪੂਰਾ ਜੀਵਨ ਸਿੱਖ ਪੰਥ ਨੂੰ ਸਮਰਪਿਤ ਕਰ ਦਿੱਤਾ ਸੀ। ਇਸ ਲਈ ਸਭ ਨੂੰ ਆਪ ਜੀ ਦੀ ਅਗਵਾਈ ਵਿਚ ਪੂਰਨ ਆਸਥਾ (ਸ਼ਰਧਾ) ਸੀ। ਆਪ ਜੀ ਵੀ ਸਭ ਦੇ ਸੁੱਖ ਦੁੱਖ ਦੇ ਸੱਚੇ ਸਾਥੀ ਬਣ ਗਏ ਸਨ। ਜਿਉਂ ਹੀ ਆਪ ਜੀ ਨੂੰ ਸੱਦਾ ਮਿਲਿਆ। ਆਪ ਜੀ ਨੇ ਦੱਸੇ ਹੋਏ ਸਥਾਨ ਦੀ ਖੋਜ ਦੇ ਵਿਚਾਰ ਨਾਲ ਅਰਥਾਤ ਉਚਿਤ ਪ੍ਰਚਾਰ ਕੇਂਦਰ ਦੀ ਸਥਾਪਨਾ ਕਰਨ ਦੀ ਯੋਜਨਾ ਦੇ ਅੰਤਰਗਤ ਬਾਬਾ ਬਕਾਲਾ ਨਗਰ ਨੂੰ ਅਲਵਿਦਾ ਕਹਿ ਕੇ ਕੀਰਤਪੁਰ ਸਾਹਿਬ ਦਾਲੇ ਪਾ ਦਿੱਤੇ। ਰਾਹ ਵਿਚ ਬਿਆਸ ਨਦੀ ਦੇ ਕਿਨਾਰੇ ਆਪ ਜੀ ਨੇ ਵੇਖਿਆ ਕਿ ਕਹਾਰ ਇੱਕ ਪਾਲਕੀ ਚੁੱਕ ਕੇ ਨਾਲ ਲੈ ਜਾ ਰਹੇ ਹਨ। ਆਪ ਜੀ ਨੇ ਸੇਵਕਾਂ ਨੂੰ ਪੁੱਛਿਆ ਕਿ ਪਾਲਕੀ ਵਿਚ ਕੌਣ ਹੈ? ਜੁਆਬ ਵਿਚ ਆਪ ਜੀ ਨੂੰ ਦਸਿਆ ਗਿਆ ਕਿ ਇਹ “ਆਦਿ ਗ੍ਰੰਥ ਸਾਹਿਬ ਦੀ ਬੀੜ” ਹੈ, ਜਿਹੜੀ ਸ੍ਰੀ ਧੀਰਮੱਲ ਜੀ ਤੋਂ ਜਬਰਦਸਤੀ ਪ੍ਰਾਪਤ ਕਰ ਲਈ ਸੀ। ਇਹ ਗੱਲ ਪਤਾ ਲਗਦਿਆਂ ਹੀ ਆਪ ਜੀ ਨੇ ਬਹੁਤ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਕਿਹਾ, “ਉਹ ਜਬਰਦਸਤੀ ਪ੍ਰਾਪਤ ਕੀਤੀ ਗਈ ‘ਆਦਿ ਗ੍ਰੰਥ ਸਾਹਿਬ’ ਦੀ ਬੀੜ ਵੀ ਨਹੀਂ ਰਖਣਾ ਚਾਹੁੰਦੇ, ਜਦੋਂ ਕਿ ਇਸ ਤੇ ਉਨ੍ਹਾਂ ਦਾ ਅਧਿਕਾਰ ਬਣਦਾ ਹੈ। ਆਪ ਜੀ ਨੇ ਆਦਿ ਗ੍ਰੰਥ ਵਾਲੀ ਪਾਲਕੀ ਇੱਕ ਮਲਾਹ ਨੂੰ ਸੌਂਪ ਦਿੱਤੀ ਅਤੇ ਕਿਹਾ ਕਿ ਇਹ ਗ੍ਰੰਥ ਸ੍ਰੀ ਧੀਰਮੱਲ ਜੀ ਦੀ ਅਮਾਨਤ ਹੈ, ਉਹ ਧੀਰ ਮੱਲ ਜੀ ਨੂੰ ਸਨੇਹਾ ਭੇਜ ਰਹੇ ਹਨ, ਉਹ ਆ ਕੇ ਬੀੜ ਸਾਹਿਬ ਤੁਹਾਡੇ ਤੋਂ ਪ੍ਰਾਪਤ ਕਰ ਲਵੇਗਾ, ਗੁਰੂਜੀ ਨੇ ਸ੍ਰੀ ਧੀਰਮੱਲ ਜੀ ਨੂੰ ਇੱਕ ਰਾਹੀਂ ਦੇ ਹੱਥ ਸੁਨੇਹਾ ਭੇਜਿਆ ਕਿ ਉਹ ਆਪਣੀ ਧਰੋਹਰ (ਅਮਾਨਤ) ਮਲਾਹ ਤੋਂ ਪ੍ਰਾਪਤ ਕਰ ਲਵੇ।

ਸ੍ਰੀ ਗੁਰੂਤੇਗ ਬਹਾਦਰ ਜੀ ਦਾ ਕੀਰਤਪੁਰ ਸਾਹਿਬ ਵਿਚ ਮਾਤਾ ਕਿਸ਼ਨ ਕੌਰ ਜੀ ਤੇ ਆਪ ਜੀ ਦੇ ਵੱਡੇ ਭਰਾ ਬਾਬਾ ਸੂਰਜ ਮੱਲ ਜੀ ਦੇ ਪੁੱਤਰਾਂ ਭਾਈ ਦੀ ਪਚੰਦ, ਭਾਈ ਗੁਲਾਬ ਰਾਇ ਅਤੇ ਭਾਈ ਸ਼ਾਮ ਚੰਦ ਜੀ ਨੇ ਰਲ ਕੇ ਨਿੱਘਾ ਸੁਆਗਤ ਕੀਤਾ। ਗੁਰੂਜੀ ਨੇ ਉਥੋਂ ਦੀ ਸੰਗਤ ਨੂੰ ਆਪਣੇ ਪ੍ਰਵਚਨਾਂ ਨਾਲ ਨਿਹਾਲ ਕੀਤਾ। ਕੁਝ ਦਿਨ੍ਹਾਂ ਬਾਅਦ ਆਪ ਜੀ ਨੇ ਆਪਣੇ ਮੁੱਖ ਉਦੇਸ਼ ਤੇ ਧਿਆਨ ਕੇਂਦਰਿਤ ਕੀਤਾ ਅਤੇ ਕਿਸੀ ਉਚਿਤ ਸਥਾਨ ਦੀ ਖੋਜ ਵਿਚ ਨਿਕਲ ਪਏ। ਆਪ ਜੀ ਚਾਹੁੰਦੇ ਸਨ ਕਿ ਭਵਿੱਖ ਵਿਚ ਹੋਣ ਵਾਲੀ ਰਾਜਨੀਤਕ ਉੱਥਲ-ਪੁੱਥਲ ਨੂੰ ਮੱਦੇਨਜ਼ਰ ਰੱਖ ਕੇ ਸਿੱਖ ਸਮੁਦਾਇ ਨੂੰ ਇੱਕ ਸੁਦ੍ਰਿੜ ਕੇਂਦਰ ਮਿਲੇ ਜੋ ਸਾਮਰਿਕ ਦ੍ਰਿਸ਼ਟੀ ਤੋਂ ਵੀ ਉੱਤਮ ਹੋਵੇ, ਜਿਥੇ ਦੁਸ਼ਮਣ ਦਾ ਹੱਥ ਨਾ ਪਹੁੰਚ ਸਕੇ। ਕਿਉਂਕਿ ਉਨ੍ਹਾਂ ਨੇ ਕਿਸ਼ੋਰ ਅਵਸਥਾ ਵਿਚ ਇੱਕ ਯੁੱਧ ਖੁੱਦ ਵੀ ਲੜਿਆ ਸੀ ਅਤੇ ਕੁਝ ਯੁੱਧ ਬਚਪਨ ਵਿਚ ਆਪਣੀਆਂ ਅੱਖਾਂ ਨਾਲ ਵੇਖੇ ਵੀ ਸਨ। ਇਸ ਲਈ ਉਹ ਚਾਹੁੰਦੇ ਸਨ ਕਿ ਪਿਛਲੇ ਕੌੜੇ ਅਨੁਭਵਾਂ ਤੋਂ ਪ੍ਰਾਪਤ ਗਿਆਨ ਦੇ ਆਧਾਰ ਤੇ ਠੀਕ ਸਮੇਂ ਆਪਣੇ ਆਪ ਨੂੰ ਸੁਰੱਖਿਅਤ ਕਰਨਾ ਜ਼ਰੂਰੀ ਸੀ, ਨਹੀਂ ਤਾਂ ਦੁਸ਼ਟ ਸ਼ਕਤੀਆਂ ਉਨ੍ਹਾਂ ਨੂੰ ਨਸ਼ਟ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੀਆਂ ਇਸ ਭਵਿੱਖੀ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਆਪ ਜੀ ਨੇ ਇਕ ਸਥਾਨ ਦੀ ਚੋਣ ਕੀਤੀ, ਜਿਹੜਾ ਹਰ ਦ੍ਰਿਸ਼ਟੀ ਤੋਂ ਉਤਮ ਸੀ। ਉਸ ਸਥਾਨ ਦੇ ਆਲੇ-ਦੁਆਲੇ ਦਾ ਨਾਂ ਮਾਖੋਵਾਲ ਸੀ, ਇਹ ਕੁਦਰਤ (ਪ੍ਰਾਕਿਰਤੀ) ਦੀ ਦ੍ਰਿਸ਼ਟੀ ਤੋਂ ਪਰਬਤਾਂ ਦੀ ਤਲੱਹਟੀ ਵਿਚ ਵਸਿਆ ਇੱਕ ਸੁੰਦਰ ਪਿੰਡ ਸੀ, ਜਿਹੜਾ ਨਦੀਆਂ, ਨਾਲਿਆਂ ਦੀ ਆੜ ਵਿਚ ਸੁਰੱਖਿਅਤ ਦ੍ਰਿਸ਼ਟੀਗੋਚਰ ਹੋ ਰਿਹਾ ਸੀ।

ਉਨ੍ਹਾਂ ਦਿਨ੍ਹਾਂ ਵਿਚ ਉਥੋਂ ਦੇ ਸਥਾਨਕ ਨਰੇਸ਼ ਦੀਪ ਚੰਦ ਦਾ ਦੇਹਾਂਤ ਹੋ ਗਿਆ। ਉਸ ਦੀ ਰਾਣੀ ਚੰਪਾ ਦੇਵੀ ਨੇ ਗੁਰੂਜੀ ਨੂੰ ਅੰਤਿਮ ਸਸਕਾਰ ਲਈ ਸੱਦਿਆ। ਛੇਤੀ ਹੀ ਉਸ ਤੋਂ ਬਾਅਦ ਉਸਨੇ ਗੁਰੂਜੀ ਨੂੰ ਉਸੇ ਇਲਾਕੇ ਵਿਚ ਹੀ ਕਿਤੇ

ਸਥਾਈ ਨਿਵਾਸ ਬਣਾਉਣ ਲਈ ਬੇਨਤੀ ਕੀਤੀ, ਤਦ ਗੁਰੂਜੀ ਨੇ ਮਾਖੋਵਾਲ ਪਿੰਡ ਅਤੇ ਇਸ ਦੇ ਨੇੜੇ-ਤੇੜੇ ਦੇ ਇਲਾਕੇ ਨੂੰ ਖਰੀਦਣ ਦਾ ਪ੍ਰਸਤਾਵ ਰਖਿਆ। ਰਾਣੀ ਚੰਪਾ ਦੇਵੀ ਨੇ ਉਸ ਇਲਾਕੇ ਨੂੰ ਗੁਰੂਜੀ ਨੂੰ ਤੋਹਫੇ ਦੇ ਰੂਪ ਵਿਚ ਦੇਣ ਦਾ ਸੁਝਾਅ ਪੇਸ਼ ਕੀਤਾ ਪਰ ਗੁਰੂਜੀ ਨੇ ਉਸ ਨੂੰ ਕਿਹਾ ਕਿ ਉਹ ਬਿਨਾਂ ਕੀਮਤ ਦਿੱਤੇ ਜ਼ਮੀਨ ਨਹੀਂ ਲੈਣਗੇ। ਤਦ ਪੰਜ ਸੌ ਰੁਪਏ ਲੈ ਕੇ ਉਸਨੇ ਮਾਖੋਵਾਲ ਪਿੰਡ ਦਾ ਪਟਾ ਗੁਰੂਜੀ ਦੀ ਮਾਤਾ ਨਾਨਕੀ ਜੀ ਦੇ ਨਾਂ ਕਰ ਦਿੱਤਾ।

## "ਆਨੰਦਗੜ੍ਹ ਦਾ ਨਿਰਮਾਣ"

ਸਾਖੋਵਾਲ ਪਿੰਡ ਵਿਚ ਮਧੂ-ਮੱਖੀਆਂ ਦੇ ਛੱਤੇ ਪਾਏ ਜਾਂਦੇ ਸਨ ਅਤੇ ਉਥੋਂ ਸ਼ਹਿਦ ਦਾ ਨਿਰਯਾਤ ਹੁੰਦਾ ਸੀ, ਇਸ ਲਈ ਉਸ ਪਿੰਡ ਦਾ ਨਾਂ ਮਾਖੋਵਾਲ ਸੀ। ਗੁਰੂਜੀ ਨੇ ਇਸ ਸਥਾਨ ਨੂੰ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਖਰੀਦਿਆ ਸੀ ਉਨ੍ਹਾਂ ਨੇ ਸੰਮਤ। (1718)

ਅਨੁਸਾਰ ਸੰਨ 1661 ਈ. ਵਿਚ ਉਥੇ ਚੱਕ ਨਾਨਕੀ ਨਾਮਕ ਨਗਰ ਦੀ ਨੀਂ (ਅਧਾਰ ਸਿਲਾ) ਸ੍ਰੀ ਗੁਰਦਿੱਤਾ ਜੀ ਤੋਂ ਰਖਵਾਈ, ਭਾਈ ਗੁਰਦਿੱਤਾ ਜੀ ਬਾਬਾ ਬੁੱਢਾ ਜੀ ਦੇ ਪੋਤਰੇ ਸਨ। ਚੱਕ ਨਾਨਕੀ ਨਗਰ ਦਾ ਮਾਨਚਿੱਤਰ ਗੁਰੂਦੇਵ ਜੀ ਨੇ ਖੁਦ ਤਿਆਰ ਕੀਤਾ ਅਤੇ ਨਗਰ ਦੇ ਨਿਰਮਾਣ ਲਈ ਕੁਝ ਨਿਪੁੰਨ ਕਾਰੀਗਰ ਬੁਲਾਏ ਗਏ। ਜਿਉਂ ਹੀ ਆਲੇ ਦੁਆਲੇ ਦੇ ਇਲਾਕੇ ਵਿਚ ਪਤਾ ਲੱਗਾ ਕਿ ਗੁਰੂਜੀ ਇੱਕ ਨਵੇਂ ਨਗਰ ਦਾ ਨਿਰਮਾਣ ਕਰ ਰਹੇ ਹਨ, ਤਦ ਬਹੁਤ ਸਾਰੇ ਸ਼ਰਧਾਲੂ ਨਿਰਮਾਣ ਦੇ ਕੰਮ ਵਿਚ ਸਹਿਯੋਗ ਦੇਣ ਲਈ ਆ ਗਏ। ਉਹ ਲੋਕ ਕਾਰ ਸੇਵਾ (ਬਿਨ੍ਹਾਂ ਤਲਖਾਹ ਤੋਂ ਕੰਮ) ਵਿਚ ਹਿੱਸਾ ਪਾਉਣ ਲੱਗੇ। ਗੁਰੂਜੀ ਨੇ ਨਗਰ ਦੇ ਵਿਕਾਸ ਲਈ ਕੁਝ ਚਿਰਸਥਾਈ ਯੋਜਨਾਵਾ ਤਿਆਰ ਕੀਤੀਆਂ, ਜਿਨ੍ਹਾਂ ਦੇ ਅਨੁਸਾਰ ਚੱਕ ਨਾਨਕੀ ਨੂੰ ਇੱਕ ਵਪਾਰਕ ਕੇਂਦਰ ਬਣਾਉਣ ਲਈ ਇੱਕ ਮੰਡੀ ਖੇਤਰ ਨਿਰਧਾਰਿਤ ਕੀਤਾ ਅਤੇ ਨਗਰ ਦੀ ਸੁਰੱਖਿਆ ਲਈ ਇੱਕ ਕਿਲ੍ਹੇ ਦੀ ਸਥਾਪਨਾ ਸ਼ੁਰੂ ਕਰ ਦਿੱਤੀ। ਨਗਰ ਦੇ ਨਿਰਮਾਣ ਕਾਰਜ ਨੂੰ ਵੇਖ ਕੇ ਇੱਕ 'ਪੀਰ ਸੱਯਦ ਮੂਸਾ ਰੋਪੜੀ' ਭਰਮ ਵਿਚ ਪੈ ਗਿਆ, ਉਸਨੇ ਕਿਲ੍ਹੇ ਦਾ ਨਿਰਮਾਣ ਕਰ ਰਹੇ ਕਾਰੀਗਰਾ ਤੋਂ ਪੁੱਛਿਆ ਕਿ ਇਨ੍ਹਾਂ ਸਾਰੇ ਭਵਨਾਂ ਦੇ ਨਿਰਮਾਤਾ ਕੌਣ ਹਨ? ਜਦ ਉਸ ਨੂੰ ਮਾਲੂਮ ਹੋਇਆ ਕਿ ਭਵਨਾਂ ਦੇ ਨਿਰਮਾਤਾ ਸ੍ਰੀ ਗੁਰੂਨਾਨਕ ਦੇਵ ਜੀ ਦੇ ਨੌਵੇਂ ਉਤਰਾਧਿਕਾਰੀ ਸ੍ਰੀ ਗੁਰੂਤੇਗ ਬਹਾਦਰ ਜੀ ਹਨ ਤਾਂ ਉਹ ਕਹਿਣ ਲੱਗਾ, ਇਹ ਤਾਂ ਦੁਨੀਆਦਾਰ ਮਾਲੂਮ ਹੁੰਦੇ ਹਨ, ਅਧਿਆਤਮਕ ਦੁਨੀਆ ਦੇ ਰਾਹੀ ਸੰਸਾਰਿਕ ਝਮੇਲਿਆਂ ਵਿਚ ਨਹੀਂ ਪੈਂਦੇ, ਕਾਰੀਗਰਾਂ ਨੇ ਇਹੀ ਟਿੱਪਣੀ ਗੁਰੂਜੀ ਨੂੰ ਕਹਿ ਸੁਣਾਈ ਇਸ ਜੁਆਬ ਵਿਚ ਗੁਰੂਜੀ ਨੇ ਕਿਹਾ, ਪੀਰ ਜੀ ਨੂੰ ਕਹਿਣਾ ਕਿ ਉਹ ਉਨ੍ਹਾਂ ਨਾਲ ਸਿੱਧੇ ਵਿਚਾਰ ਵਟਾਂਦਰਾ ਕਰ ਲੈਣ, ਜੁਆਬ ਮਿਲ ਜਾਵੇਗਾ।

"ਪੀਰ ਸੱਯਦ ਮੂਸਾ ਰੋਪੜੀ' ਸੁਨੇਹਾ ਮਿਲਦਿਆਂ ਹੀ ਮਿਲਣ ਲਈ ਆ ਗਿਆ ਅਤੇ ਗੁਰੂਜੀ ਨੂੰ ਕਹਿਣ ਲੱਗਾ ਕਿ ਆਪ ਜੀ ਦਾ ਹਿਰਦਾ ਕਿਸ ਪ੍ਰਵਿਰਤੀ ਵਿਚ ਗੁਆਚ ਗਿਆ ਹੈ? ਵਿਸ਼ਾਲ ਭਵਨ ਨਿਰਮਾਣ ਕਰਨਾ, ਸੰਸਾਰ ਨਾਲ ਮੋਹ ਮਾਇਆ ਨੂੰ ਵਧਾਉਂਦਾ ਹੈ ਅਤੇ ਪ੍ਰਭੂ ਨਾਲ ਦੂਰੀ ਪੈਦਾ ਕਰ ਦਿੰਦਾ ਹੈ। ਜੁਆਬ ਵਿਚ ਗੁਰੂਜੀ ਨੇ ਕਿਹਾ, ਇਹ ਭਵਨ ਆਦਿ ਆਪਣੇ ਸੁਆਰਥ ਲਈ ਨਹੀਂ ਹੈ, ਇਹ ਤਾਂ ਸੰਸਾਰਕ ਲੋਕਾਂ ਦੇ ਕਲਿਆਣ ਲਈ ਹੈ। ਆਪਣੀ ਮੰਨਦਾ ਹੈ। ਜੇ ਇਨ੍ਹਾਂ ਭਵਨਾ ਦੀ ਵਰਤੋਂ ਪਰਉਪਕਾਰ ਲਈ ਹੋਈ ਤਾਂ ਕਲਿਆਨ ਜ਼ਰੂਰ ਹੋਵੇਗਾ, ਉਚਿਤ ਜੁਆਬ ਮਿਲਣ ਤੇ 'ਪੀਰ ਸੱਯਦ ਮੂਸਾਂ ਸੰਤੁਸਟ ਹੋ ਕੇ ਵਾਪਸ ਚਲਾ ਗਿਆ।

ਭਾਈ ਮੋਖਣ ਸ਼ਾਹ ਨੂੰ ਗੁਰੂਜੀ ਦੀ ਸ਼ਰਨ ਵਿਚ ਰਹਿੰਦਿਆਂ ਕਾਫੀ ਸਮਾਂ ਹੋ ਗਿਆ ਸੀ। ਉਸ ਨੇ ਆਪਣੇ ਵਪਾਰ ਦੀ ਦੇਖਭਾਲ ਲਈ ਗੁਰੂਜੀ ਤੋਂ ਆਗਿਆ ਮੰਗੀ। ਗੁਰੂਜੀ ਨੇ ਆਸ਼ੀਰਵਾਦ ਦੇ ਕੇ ਉਸ ਨੂੰ ਵਿਦਾ ਕੀਤਾ।

ਲੋਕਾਂ ਨੂੰ ਜਿਉ ਹੀ ਪਤਾ ਲੱਗਾ ਕਿ ਬਾਬਾ ਬਕਾਲੇ ਵਾਲੇ ਸ੍ਰੀ ਗੁਰੂਤੇਗ ਬਹਾਦਰ ਇੱਕ ਨਵਾਂ ਨਗਰ ਚੱਕ ਨਾਨਕੀ ਨਾਮ ਨਾਲ ਨਿਰਮਾਣ ਕਰਵਾ ਰਹੇ ਹਨ ਤਾਂ ਆਲੇ ਦੁਆਲੇ ਦੇ ਇਲਾਕੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸ਼ਰਧਾਲੂਹਰ ਰੋਜ਼ ਉਨ੍ਹਾਂ ਦੇ ਨਿਵਾਸ ਸਥਾਨ ਤੇ ਪਹੁੰਚਣ ਲੱਗੇ।

ਸ੍ਰੀ ਗੁਰੂਤੇਗ ਬਹਾਦੁਰ ਜੀ ਦੀ ਅੰਮ੍ਰਿਤਬਾਣੀ ਸੁਣ ਕੇ ਅਤੇ ਉਨ੍ਹਾਂ ਦੇ ਤੇਜੱਸਵੀ ਦਰਸ਼ਨ ਕਰਕੇ ਲੋਕ ਗੱਦ-ਗੱਦ ਹੋ ਜਾਂਦੇ ਅਤੇ ਆਪਣੀ ਆਮਦਨ ਦਾ ਦਸਵੰਧ 'ਕਾਰ ਸੇਵਾ ਭੇਟਾ' ਦੇ ਰੂਪ ਵਿਚ ਗੁਰੂਚਰਨਾਂ ਵਿਚ ਅਰਪਿਤ ਕਰਕੇ ਆਪਣੇ ਆਪ ਨੂੰ ਭਾਗਾਂ ਵਾਲੇ ਸਮਝਦੇ। ਇਸ ਤਰ੍ਹਾਂ ਗੁਰੂਜੀ ਦਾ ਪਿਆਰ ਅਤੇ ਪਰਉਪਕਾਰ ਆਮ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣ ਗਿਆ। ਹੌਲੀ ਹੌਲੀ ਉਨ੍ਹਾਂ ਦਾ ਨਾਂ ਅਤੇ ਮਹਾਨਤਾ ਚਾਰੇ ਪਾਸੇ ਵਧਦੀ ਗਈ।

## 'ਪ੍ਰਚਾਰ ਦੌਰਾ'

ਸ੍ਰੀ ਗੁਰੂਤੇਗ ਬਹਾਦਰ ਸਾਹਿਬ ਚੱਕ ਨਾਨਕੀ ਨਾਮ ਦਾ ਨਵਾਂ ਨਗਰ ਵਸਾ ਰਹੇ ਸਨ ਕਿ ਉਸ ਸਮੇਂ ਕੁਝ ਮਸੰਦ (ਮਿਸ਼ਨਰੀ) ਬਨਾਰਸ ਅਤੇ ਪ੍ਰਯਾਗ (ਇਲਾਹਾਬਾਦ) ਤੋਂ ਆਪ ਜੀ ਪਾਸ ਪਹੁੰਚੇ ਅਤੇ ਬੇਨਤੀ ਕਰਨ ਲੱਗੇ ਕਿ ਹੇ ਗੁਰੂਜੀ ! ਕ੍ਰਿਪਾ ਕਰਕੇ ਆਪ ਜੀ ਪੂਰਬ ਦਿਸ਼ਾ ਗੰਗਾ ਕਿਨਾਰੇ ਦੇ ਨਗਰਾਂ ਵਿਚ ਚਰਨ ਪਾਓ। ਉਥੋਂ ਦੀ ਸੰਗਤ ਆਪ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਰਖਦੀ ਹੈ, ਬਹੁਤ ਲੰਬੇ ਸਮੇਂ ਤੋਂ ਉਥੇ ਕੋਈ ਗੁਰੂਸਾਹਿਬ ਪ੍ਰਚਾਰ ਕਰਨ ਲਈ ਨਹੀਂ ਪਹੁੰਚੇ। ਇਸ ਤੋਂ ਇਲਾਵਾ ਗੁਰੂਜੀ ਨੂੰ ਖਬਰਾਂ ਮਿਲ ਰਹੀਆਂ ਸਨ ਕਿ ਸਮਰਾਟ ਔਰੰਗਜੇਬ ਨੇ ਹਿੰਦੂਜਨਤਾ ਦਾ ਦਮਨ ਕਰਨ ਲਈ ਕੁਝ ਸਖਤ ਸੰਪਰਦਾਇਕ ਨੀਤੀਆਂ ਦਾ ਐਨਾਲ ਕੀਤਾ ਹੈ, ਜਿਸ ਕਰਕੇ ਆਮ ਲੋਕਾਂ ਤੇ ਅਜਿਹੇ ਐਲਾਨਾਂ ਦੇ ਵਿਰੁੱਧ ਬਗਾਵਤ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ ਹਨ। ਅਜਿਹੇ ਹਾਲਾਤਾਂ ਵਿਚ ਆਪ ਜੀ ਨੇ ਜਨਤਾ ਵਿਚ ਜਾਗਰਤੀ ਲਿਆਉਣ ਦੇ ਉਦੇਸ਼ ਨਾਲ ਦੇਸ਼ ਦੇ ਵਿਭਿੰਨ ਇਲਾਕਿਆਂ ਵਿਚ ਪ੍ਰਚਾਰ ਦੌਰੇ ਕਰਨ ਦਾ ਮਨ ਬਣਾ ਲਿਆ।

ਉਨ੍ਹਾਂ ਦਿਨ੍ਹਾਂ ਵਿਚ ਆਪ ਜੀ ਚੱਕ ਨਾਨਕੀ ਨਗਰ ਦਾ ਨਿਰਮਾਣ ਕਰਵਾ ਰਹੇ ਸੀ, ਪਰ ਆਪ ਜੀ ਨੇ ਪਹਿਲਾਂ ਰਾਜਨੀਤਕ ਪੀੜਤਾਂ ਦੀ ਸਹਾਇਤਾ ਕਰਨ ਦੀ ਠਾਣੀ। ਗੁਰੂਜੀ ਦਾ ਮੰਨਣਾ ਸੀ ਕਿ ਜੇ ਸਹੀ ਵਕਤ ਤੇ ਜਨਤਾ ਦਾ ਮਨੋਬਲ ਨਾ ਵਧਾਇਆ ਗਿਆ ਤਾਂ ਦੁਸ਼ਟ, ਅਤਿਆਚਾਰੀ ਸ਼ਾਸਕ ਵਰਗ ਕਰੂਰਤਾ ਤੇ ਉਤਰ ਆਵੇਗਾ। ਇਸ ਤੋਂ ਪਹਿਲਾਂ ਕਿ ਸ਼ਾਸਕ ਵਰਗ ਅਜਿਹਾ ਕਰੇ, ਆਮ ਲੋਕਾਂ ਨੂੰ ਸੰਗਠਿਤ ਕਰਕੇ ਉਨ੍ਹਾਂ ਵਿਚ 'ਏਕਤਾ ਦਾ ਬਲ' ਭਰ ਦਿੱਤਾ ਜਾਵੇ ਅਤੇ ਉਹ ਮੌਤ ਦਾ ਡਰ ਛੱਡ ਕੇ ਆਤਮ-ਬਲਿਦਾਨ ਨੂੰ ਇੱਕ ਆਦਰਸ਼ ਦੇ ਰੂਪ ਵਿਚ ਅਪਨਾਉਣਾਂ ਸ਼ੁਰੂਕਰ ਦੇਣ।

ਚੱਕ ਨਾਨਕੀ ਨਗਰ ਦਾ ਨਿਰਮਾਣ ਕਾਰਜ ਵੀ ਜ਼ਰੂਰੀ ਸੀ, ਉਹ ਨਹੀ ਚਾਹੁੰਦੇ ਸਨ ਕਿ ਇਸ ਵਿਚ ਕੋਈ ਰੁਕਾਵਟ ਪੈਦਾ ਹੋਵੇ। ਇਸ ਲਈ ਉਨ੍ਹਾਂ ਨੇ ਆਪਣੇ ਵਿਸ਼ਵਾਸ ਪਾਤਰ ਪਰਮ ਸੇਵਕਾਂ ਨੂੰ ਇਹ ਕੰਮ ਸੌਂਪ ਦਿੱਤਾ, ਜਿਨ੍ਹਾਂ

ਵਿਚ ਪ੍ਰਮੁੱਖ ਸਨ ਭਾਈ ਭਾਗੂਜੀ, ਭਾਈ ਰਾਮੇ ਜੀ, ਭਾਈ ਸਾਬੂਮੁਲਤਾਨੀ ਜੀ, ਬਹਿਲੋ ਇਲਾਕੇ ਦੇ ਮੁਖੀ ਭਾਈ ਦੇਸਰਾਜ ਜੀ ਆਦਿ।

ਆਪ ਜੀ ਨੇ ਆਪਣੇ ਮਹੱਲ (ਸੁਪਤਨੀ ਗੁਜਰੀ ਕੌਰ), ਮਾਤਾ ਸ੍ਰੀ ਨਾਨਕੀ ਜੀ ਅਤੇ ਸਾਲਾ ਕ੍ਰਿਪਾਲ ਚੰਦ ਜੀ ਨੂੰ ਨਾਲ ਚੱਲਣ ਲਈ ਕਿਹਾ ਅਤੇ ਪੰਜ ਸੇਵਕ ਨਾਲ ਲੈ ਕੇ ਚਾਲੇ ਪਾ ਦਿੱਤੇ।

ਸਭ ਤੋਂ ਪਹਿਲਾਂ ਆਪ ਜੀ ਨੇ ਕੀਰਤਪੁਰ ਸਾਹਿਬ ਦੇ ਨੇੜੇ 'ਘਨੌਲੇ' ਪਿੰਡ ਵਿਚ ਪੜਾਅ ਕੀਤਾ। ਉਥੇ ਕੁਝ ਦਿਨ ਪਹਿਲਾਂ ਹੀ ਹੜ੍ਹ ਆਉਣ ਦੇ ਕਾਰਣ ਕਿਸਾਨਾਂ ਦੇ ਖੇਤਾਂ ਵਿਚ ਬਹੁਤ ਨੁਕਸਾਨ ਹੋ ਗਿਆ ਸੀ। ਆਪ ਜੀ ਨੇ ਗਰੀਬ ਕਿਸਾਨਾਂ ਦੇ ਦਰਦ ਨੂੰ ਮਹਿਸੂਸ ਕਰਦਿਆਂ ਹੋਇਆਂ ਉਨ੍ਹਾਂ ਨੂੰ ਆਰਥਿਕ ਸਹਾਇਤਾ ਦਿੱਤੀ ਅਤੇ ਉਨ੍ਹਾਂ ਨੂੰ ਹੌਸਲਾਂ ਦੇਂਦੇ ਹੋਏ ਕਿਹਾ, 'ਪ੍ਰਭੂ ਜੋ ਕਰਦਾ ਹੈ, ਚੰਗਾ ਹੀ ਕਰਦਾ ਹੈ, ਇਸੇ ਵਿਚ ਸਭ ਦਾ ਭਲਾ ਹੁੰਦਾ ਹੈ। ਚਿੰਤਾ ਕਰਨ ਦੀ ਕੋਈ। ਗੱਲ ਨਹੀਂ, ਉਪਰੰਤ 'ਰੋਪੜ' ਨਗਰ ਤੋਂ ਹੁੰਦੇ ਹੋਏ 'ਭਾਲੂਵਾਲ' ਪਿੰਡ ਵਿਚ ਰੁਕੇ। ਉਥੇ ਪਿੰਡ ਦੇ ਇੱਕ ਕਿਸਾਨ ਨੂੰ ਆਪ ਜੀ ਨੇ ਕਿਹਾ, ਪਿਆਸ ਲੱਗੀ ਹੈ, ਪਾਣੀ ਲਿਆ ਦਿਓ, ਉਹ ਕਹਿਣ ਲੱਗਾ ਕਿ ਹਜ਼ੂਰ ਨੇੜੇ ਦੇ ਖੂਹਾਂ ਦਾ ਪਾਣੀ ਖਾਰਾ ਹੈ, ਤੁਸੀਂ ਉਡੀਕ ਕਰੋ, ਮਿੱਠੇ ਖੂਹ ਦਾ ਜਲ ਮੰਗਵਾ ਦੇਂਦਾ ਹਾਂ, ਗੁਰੂਦੇਵ ਜੀ ਨੇ ਕਿਹਾ, ਕੋਈ ਗੱਲ ਨਹੀਂ ਇਸੇ ਖੂਹ ਦਾ ਪਾਣੀ ਪੀਣ ਲਈ ਦੇ ਦਿਓ। ਆਗਿਆ ਮੰਨ ਕੇ ਕਿਸਾਨ ਨੇ ਅਜਿਹਾ ਹੀ ਕੀਤਾ। ਗੁਰੂਜੀ ਨੇ ਪਾਣੀ ਪੀ ਕਿ ਕਿਹਾ, ਇਹ ਪਾਣੀ ਵੀ ਮਿੱਠਾ ਹੀ ਹੈ। ਬਸ ਫਿਰ ਕੀ ਸੀ, ਉਨ੍ਹਾਂ ਖੂਹਾਂ ਦਾ ਪਾਣੀ ਵੀ ਮਿੱਠਾ ਹੋ ਗਿਆ। ਇਸ ਤਰ੍ਹਾਂ ਆਪ ਜੀ ਅੱਗੇ ਵਧਦੇ ਹੋਏ ਨੌਲੱਖਾ ਅਤੇ ਟਹਿਲਪੁਰ ਹੋ ਕੇ ਸੈਫਾਬਾਦ (ਬਹਾਦਰ ਗੜ੍ਹ) ਅੱਜਕਲ ਦੇ ਪਟਿਆਲਾ ਪਹੁੰਚੇ। ਇਸ ਨਗਰ ਨੂੰ ਨਵਾਬ ਸੈਫ ਖ਼ਾਂ ਨੇ ਵਸਾਇਆ ਸੀ। ਸੈਫ਼ ਖਾਨ ਆਪਣੇ ਸਮੇਂ ਦਾ ਬੜਾ ਪ੍ਰਸਿੱਧ ਤੇ ਪ੍ਰਭਾਵਸ਼ਾਲੀ ਵਿਅਕਤੀ ਸੀ। ਉਸਨੇ ਮੁਗਲ ਦਰਬਾਰ ਵਿਚ ਕਈ ਉੱਚੇ ਅਹੁਦਿਆਂ ਤੇ ਕੰਮ ਕੀਤਾ ਸੀ। ਔਰੰਗਜੇਬ ਨੇ ਉਸਦੇ ਭਰਾ 'ਫਿਦਾਈ ਖਾਨ' ਨੂੰ ਆਪਣਾ ਧਰਮ-ਭਰਾ ਬਣਾਇਆ ਹੋਇਆ ਸੀ।

ਗੁਰੂਤੇਗ ਬਹਾਦਰ ਸਾਹਿਬ, ਸੈਫਾਬਾਦ (ਬਹਾਦਰਗੜ੍ਹ) ਦੇ ਬਾਹਰ ਇੱਕ ਸੁੰਦਰ ਬਾਗ ਵਿਚ ਠਹਿਰੇ ਸਨ, ਉਸ ਸਮੇਂ ਜਿਸਦਾ ਨਾਂ ਪੰਚਵਟੀ ਸੀ। ਨਵਾਬ ਸੈਫਖਾਨ ਆਪਣੇ ਕਿਲ੍ਹੇ ਤੋਂ ਬਾਹਰ ਆ ਕੇ ਆਪ ਜੀ ਨੂੰ ਮਿਲਣ ਆਇਆ ਅਤੇ ਆਪ ਜੀ ਨੂੰ ਬੇਨਤੀ ਕੀਤੀ ਕਿ ਹੇ ਗੁਰੂਦੇਵ ! ਕ੍ਰਿਪਾ ਕਰਕੇ ਉਹ ਉਸਦੇ ਘਰ ਚੱਲਣ, ਜਿਸ ਨਾਲ ਉਸਦਾ ਪਰਿਵਾਰ ਵੀ ਗੁਰੂਜੀ ਦੇ ਦਰਸ਼ਨ ਕਰ ਸਕੇ। ਜਿਵੇਂ ਕਿ ਉਹ ਜਾਣਦੇ ਹੀ ਹਨ ਕਿ ਮੁਸਲਮਾਨਾਂ ਵਿਚ ਪਰਦੇ ਦਾ ਬਹੁਤ ਰਿਵਾਜ ਹੈ, ਇਸ ਲਈ ਔਰਤਾਂ ਉਨ੍ਹਾਂ ਦੇ ਦਰਸ਼ਨਾਂ ਲਈ ਬਾਹਰ ਨਹੀਂ ਆ ਸਕਦੀਆਂ। ਜੇ ਉਹ ਕੁਝ ਦਿਨ ਇਥੇ ਠਹਿਰ ਜਾਣ ਤਾਂ ਉਹ ਸਵੇਰੇ ਸ਼ਾਮ ਗੁਰੂਜੀ ਦੇ ਦਰਸ਼ਨ ਕਰ ਲਿਆ ਕਰਨਗੀਆਂ। ਗੁਰੂਦੇਵ ਨੇ ਉਸਦੇ ਪ੍ਰੇਮ ਭਰੇ ਸੱਦੇ ਨੂੰ ਸਵੀਕਾਰ ਕਰ ਲਿਆ। ਗੁਰੂਜੀ ਨੂੰ ਇੱਕ ਨਵੇਂ ਸ਼ਾਨਦਾਰ ਮਹੱਲ ਵਿਚ ਠਹਿਰਾਇਆ ਗਿਆ, ਜਿਸਦੇ ਸਾਹਮਣੇ ਇੱਕ ਆਲੀਸ਼ਾਨ ਮਸਜਿਦ ਸੀ।

ਗੁਰੂਤੇਗ ਬਹਾਦਰ ਜੀ, ਮਸਜਿਦ ਦੇ ਚਬੂਤਰੇ ਤੇ ਬੈਠ ਕੇ ਲੋਕਾਂ ਨੂੰ ਪ੍ਰਵਚਨ ਸੁਣਾਉਂਦੇ ਅਤੇ ਉਨ੍ਹਾਂ ਦੀਆਂ ਅਧਿਆਤਮਕ ਸ਼ੰਕਾਵਾਂ ਦਾ ਹੱਲ ਦੱਸਦੇ। ਨਵਾਬ ਸੈਫਖਾਨ ਦੀ ਸ਼ਰਧਾ ਨਾਲ ਗੁਰੂਜੀ ਬੜੇ ਪ੍ਰਸੰਨ ਸਨ। ਇੱਕ ਦਿਨ ਸੈਫਖਾਨ ਨੇ ਗੁਰੂਦੇਵ ਜੀ ਨੂੰ ਪ੍ਰਸ਼ਨ ਕੀਤਾ ਕਿ ਹੇ ਗੁਰੂਦੇਵ। ਮੈਨੂੰ ਦਸੋ ਕਿ ਮੈਨੂੰ ਆਪਣਾ ਅਗਲਾ ਜੀਵਨ ਕਿਵੇਂ

ਜਿਊਣਾ ਚਾਹੀਦਾ ਹੈ। ਜੁਆਬ ਵਿਚ ਗੁਰੁਦੇਵ ਜੀ ਕੇ ਹੇਠ ਲਿਖਿਆ ਪਦ ਗਾ ਕੇ ਸਾਰਿਆਂ ਨੂੰ ਉਸ ਤੇ ਅਮਲ ਕਰਨ ਦੀ ਸਿੱਖਿਆ ਦਿੱਤੀ।

**"ਨਰ ਅਚੇਤ ਪਾਪ ਤੇ ਡਰੁ ਰੇ "**

**ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥ਰਹਾਉ॥**

**ਬੇਦ ਪੁਰਾਨ ਜਾਸ ਗੁਣ ਗਾਵਤ ਤਾ ਕੋ ਨਾਮੁ ਹੀਐ ਮੈ ਧਰੁ ਰੇ॥**

**ਪਾਵਨ ਨਾਮ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰਰੇ ॥1॥**

**ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥**

**ਨਾਨਕ ਕਹਤ ਗਾਇ ਕਰੁ ਨਾਮੈ ਭਵ ਸਾਗਰ ਕੈ ਪਾਰਿ ਉਤਰ ਰੇ ॥**

ਇਸ ਤਰ੍ਹਾਂ ਕੁਝ ਦਿਨ 'ਨਵਾਬ ਸੈਫਖਾਨ' ਦੇ ਪ੍ਰਾਹੁਣੇ ਰਹਿ ਕੇ ਗੁਰੂਜੀ ਪਿੰਡ ਲਹਿਲ ਵਿਖੇ ਪਹੁੰਚੇ, ਜਿਹੜਾ ਵਰਤਮਾਨ ਕਾਲ ਵਿਚ ਨਗਰ ਪਟਿਆਲਾ ਵਿਚ ਬਦਲ ਗਿਆ ਹੈ। ਉਨ੍ਹਾਂ ਦਿਨ੍ਹਾਂ ਵਿਚ ਉਥੇ ਇੱਕ ਤਾਲਾਬ (ਛੱਪੜ) ਸੀ। ਆਪ ਜੀ ਨੇ ਤਾਲਾਬ ਦੇ ਕਿਨਾਰੇ 'ਬੋੜ' ਦੇ ਰੁੱਖ ਕੇ ਹੇਠਾਂ ਆਪਣਾ ਤੰਬੂਲਗਾਇਆ। ਜਿਵੇਂ ਹੀ ਪਿੰਡ ਦੀ ਆਮ ਜਨਤਾ ਨੂੰ ਪਤਾ ਲੱਗਾ ਕਿ ਗੁਰੂਨਾਨਕ ਦੇਵ ਜੀ ਦੇ ਨੌਂਵੇਂ ਉਤਰਾਧਿਕਾਰੀ ਸ੍ਰੀ ਤੇਗ ਬਹਾਦਰ ਜੀ ਆਏ ਹਨ ਤਾਂ ਉਥੇ ਦੀਨ-ਦੁਨੀਆਂ ਦੀ ਭੀੜ ਇੱਕਠੀ ਹੋ ਗਈ। ਆਪ ਜੀ ਨੇ ਸਭ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਸਭ ਦਾ ਹੱਲ ਕੀਤਾ। ਉਨ੍ਹਾਂ ਵਿਚੋਂ ਇੱਕ ਮਾਤਾ ਨੇ ਆਪਣੇ ਬੱਚੇ ਨੂੰ ਗੁਰੂਦੇਵ ਦੇ ਚਰਨਾਂ ਵਿਚ ਲਿਟਾ ਦਿੱਤਾ ਅਤੇ ਕਿਹਾ, "ਹੇ ਗੁਰੂਦੇਵ! ਇਸ ਦੀ ਰੱਖਿਆ ਕਰੋ, ਇਹ ਸੁੱਕਦਾ ਹੀ ਜਾਂਦਾ ਹੈ, ਇਸ ਪਿੰਡ ਵਿਚ ਇਸ ਰੋਗ ਕਾਰਨ ਪਹਿਲਾਂ ਵੀ ਬਹੁਤ ਬੱਚੇ ਮੌਤ ਦੇ ਮੂੰਹ ਵਿਚ ਜਾ ਚੁੱਕੇ ਹਨ, ਇਸ ਰੋਗ ਦਾ ਕੋਈ ਇਲਾਜ ਵੀਂ ਨਹੀਂ ਮਿਲਿਆ? ਗੁਰੁਦੇਵ ਨੇ ਮਾਤਾ ਜੀ ਦੀ ਦਰਦ ਭਰੀ ਗਾਥਾਂ ਸੁਣੀ ਅਤੇ ਕਿਹਾ, ਇਸ ਬੱਚੇ ਨੂੰ ਪ੍ਰਭੂਦਾ ਨਾ ਲੈ ਕੇ ਸਾਹਮਣੇ ਵਾਲੇ ਤਾਲਾਬ ਵਿਚ ਇਸ਼ਨਾਨ ਕਰਵਾਓ। ਪ੍ਰਭੁਕਿਰਪਾ ਨਾਲ ਬਾਲਕ ਦੀ ਸਿਹਤ ਸੁਧਰ ਜਾਵੇਗੀ। ਉਸ ਮਾਤਾ ਨੇ ਆਗਿਆ ਮੰਨ ਕੇ ਅਜਿਹਾ ਹੀ ਕੀਤਾ, ਬਾਲਕ ਪੂਰੀ ਤਰ੍ਹਾਂ ਤੰਦਰੁਸਤ ਹੋ ਗਿਆ। ਸਮਾਂ ਪਾ ਕੇ ਇਹ ਸਥਾਨ ਦੁੱਖ ਨਿਵਾਰਨ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

## "ਮਾਈ ਮਾੜੀ"

ਸ੍ਰੀ ਗੁਰੂਤੇਗ ਬਹਾਦਰ ਜੀ ਜਨ-ਸੰਪਰਕ ਅਭਿਆਨ (ਮੁਹਿੰਮ) ਵਿਚ ਅੱਗੇ ਵਧਦੇ ਹੋਏ 'ਮਕਰਪੁਰ' ਪਿੰਡ ਵਿਚ ਪਹੁੰਚੇ। ਉਥੇ ਆਪ ਜੀ ਦੇ ਤੰਬੂਵਿਚ ਬਹੁਤ ਭਗਤਾਂ ਦੀ ਭੀੜ ਰਹਿੰਦੀ। ਆਪ ਜੀ ਸਮੂਹ ਦੀਨ-ਦੁਖੀਆਂ ਦੀ ਪੁਕਾਰ ਸੁਣਦੇ ਅਤੇ ਉਨ੍ਹਾਂ ਨੂੰ ਨਾਮ ਦਾਨ ਦੇ ਕੇ ਕ੍ਰਿਤਾਰਥ ਕਰਦੇ। ਉਥੇ ਹੀ ਇੱਕ ਔਰਤ ਆਪ ਜੀ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ ਲੈ ਕੇ ਹਾਜ਼ਰ ਹੋਈ ਅਤੇ ਬੇਨਤੀ ਕਰਨ ਲੱਗੀ ਕਿ ਹੇ ਕ੍ਰਿਪਾਲੂਦਾਤਾ! ਨੌਂਵੇਂ ਗੁਰੂਨਾਨਕ ਮੇਰੀ ਨਿਪੁੱਤੀ ਦੀ ਕੁੱਖ ਹਰੀ ਕਰੋ। ਉਸ ਦੀ ਦਰਦਨਾਕ ਬੇਨਤੀ ਤੇ ਗੁਰੂਦੇਵ ਨੂੰ ਤਰਸ ਆ ਗਿਆ ਅਤੇ ਕਿਹਾ-ਮਾਤਾ ਘਰ ਜਾਓ। ਪ੍ਰਭੂਦੇ ਦਰਬਾਰ ਤੋਂ ਤੁਹਾਨੂੰ ਇੱਕ ਬੇਟੇ ਦੀ ਦਾਤ ਪ੍ਰਾਪਤ ਹੋਵੇਗੀ ਅਤੇ ਤੁਹਾਡੀ ਸ਼ਰਧਾ ਨੂੰ ਫਲ ਲਗੇਗਾ।

## 'ਚੌਧਰੀ ਤ੍ਰਿਲੋਕਾ ਜਵੰਦਾ'

ਸ੍ਰੀ ਗੁਰੂਤੇਗ ਬਹਾਦਰ ਸਾਹਿਬ ਜੀ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ ਸੇਖੋਂ ਪਿੰਡ ਪਹੁੰਚੇ। ਗੁਰੂਜੀ ਦੇ ਦਰਸ਼ਨਾਂ ਨੂੰ ਉਥੋਂ ਦੇ ਲੋਕ ਆਪਣੀ ਸਮਰੱਥਾ ਅਨੁਸਾਰ ਆਪਣੀਆਂ-ਆਪਣੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਏ। ਗੁਰੂਜੀ ਨੇ ਸਮੂਹ ਸੰਗਤ ਨੂੰ ਰੋਮ-ਰੋਮ ਵਿਚ ਰਚੇ ਰਾਮ ਦੀ ਉਪਾਸਨਾ ਕਰਨ ਲਈ ਕਿਹਾ ਅਤੇ ਆਪਣੇ ਪ੍ਰਵਚਨਾਂ ਵਿਚ ਨਿਰਾਕਾਰ ਪ੍ਰਭੁਪਰਮੇਸ਼ਵਰ ਦੇ ਇਲਾਵਾ ਬਾਕੀ ਦੇਵੀ ਦੇਵਤਿਆਂ ਆਦਿ ਦੀ ਪੂਜਾ ਕਰਨ ਤੋਂ ਜਨਸਧਾਰਣ ਨੂੰ ਵਰਜਿਤ ਕੀਤਾ।

ਤਦ ਉਥੋਂ ਦੇ ਲੋਕਾਂ ਨੇ ਗੁਰੂਜੀ ਨੂੰ ਦਸਿਆ ਕਿ ਉਥੋਂ ਦਾ ਚੌਧਰੀ ਤ੍ਰਿਲੋਕਾ ਜਵੰਧਾ ਕਬਰਾਂ ਦਾ ਉਪਾਸ਼ਕ ਹੈ ਉਹ ਵੀਰਵਾਰ, ਪੀਰ ਦੀ ਮਜ਼ਾਰ ਤੇ ਦੁੱਧ ਆਦਿ ਚੜ੍ਹਾਉਂਦਾ ਹੈ। ਸ਼ਾਇਦ ਇਸੇ ਕਰਕੇ ਉਹ ਆਪ ਜੀ ਦੇ ਦਰਸਨਾਂ ਲਈ ਵੀ ਨਹੀਂ ਆਇਆ। ਗੁਰੂਜੀ ਨੇ ਇਸ ਗੰਭੀਰ ਗੱਲ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੇ ਅਨੁਭਵ ਕੀਤਾ ਕਿ "ਜੈਸਾ ਰਾਜਾ ਤੈਸੀ ਪਰਜਾ" ਦੀ ਕਹਾਵਤ ਅਨੁਸਾਰ ਉਥੋਂ ਦੇ ਨਿਵਾਸੀ ਅੱਜ ਨਹੀਂ ਤਾਂ ਕਲ ਕਬਰਾਂ ਦੀ ਪੂਜਾ ਵਿਚ ਜੁੱਟ ਜਾਵਗੇ ਜਿਹੜੀ ਕਿ ਉਨ੍ਹਾਂ ਦੇ ਜੀਵਨ ਦੇ ਸਵਾਸਾਂ ਦੀ ਪੂੰਜੀ ਨੂੰ ਨਸ਼ਟ ਹੀ ਕਰੇਗੀ ਕਿਉਂਕਿ ਜਿਹੜੇ ਸਰਬਸ਼ਕਤੀ ਮਾਨ ਸਚਿਦਾਨੰਦ ਨੂੰ ਛੱਡ ਕੇ ਮੁਰਦਿਆਂ ਨੂੰ ਪੂਜਦੇ ਹਨ, ਉਨ੍ਹਾਂ ਦੇ ਹੱਥ ਕੁਝ ਨਹੀਂ ਲੱਗਦਾ। ਗੁਰੂਦੇਵ ਜੀ ਦੀ ਇਸ ਟਿੱਪਣੀ ਤੇ ਕੁਝ ਜਗਿਆਸੂਆਂ ਨੇ ਗੁਰੂਦੇਵ ਨੂੰ ਬੇਨਤੀ ਕੀਤੀ, ਹੇ ਗੁਰੂਦੇਵ! ਆਪ ਜੀ ਇਸ ਵਿਸ਼ੇ ਤੇ ਵਿਸਥਾਰ ਨਾਲ ਰੋਸ਼ਨੀ ਪਾਓ। ਜਿਸ ਨਾਲ ਭੁੱਲੇ ਭਟਕੇ ਲੋਕ ਸਦ-ਬੁੱਧੀ ਪ੍ਰਾਪਤ ਕਰ ਸਕਣ।

ਤਦ ਗੁਰੂਤੇਗ ਬਹਾਦਰ ਜੀ ਨੇ ਕਿਹਾ ਜਿਹੜਾ ਮਨੁੱਖ ਆਪਣੇ ਜੀਵਨ-ਕਾਲ ਵਿਚ ਕੁਝ ਪ੍ਰਾਪਤੀਆਂ ਨਹੀਂ ਕਰ ਸਕਿਆ, ਨਾ ਆਪਣੇ ਲਈ ਅਤੇ ਨਾ ਸਮਾਜ ਦੇ ਹਿੱਤ ਲਈ ਬੁਢਾਪੇ ਵਿਚ ਮੁਥਾਜ ਹੋ ਕੇ ਦੂਜਿਆਂ ਤੇ ਬੋਝ ਬਣ ਕੇ ਜਿਉਂਦਾ ਰਿਹਾ, ਮਰਨ ਉਪਰੰਤ ਉਹ ਕਿਵੇਂ ਇਨ੍ਹਾਂ ਸਾਰੇ ਪਿੰਡ ਵਾਸੀਆਂ ਦੇ ਕਾਰਜ ਸਿੱਧ ਕਰੇਗਾ। ਜੇ ਉਸ ਵਿਅਕਤੀ ਨੇ ਪ੍ਰਭੂਨਾਮ ਰੂਪੀ ਧਨ ਕਮਾਇਆ ਹੈ ਤਾਂ ਸਹਿਜ ਹੈ ਕਿ ਉਸ ਨੂੰ ਮੁਕਤੀ ਪ੍ਰਾਪਤ ਹੋਵੇਗੀ। ਇਸ ਦਾ ਅਰਥ ਇਹ ਹੋਇਆ ਕਿ ਉਹ ਪ੍ਰਭੂਚਰਨਾਂ ਵਿਚ ਵਿਲੀਨ ਹੈ ਨਾ ਕਿ ਕਬਰ ਵਿਚ। ਜੇ ਉਸ ਵਿਅਕਤੀ ਨੇ ਆਪਣੀ ਸਵਾਸਾਂ ਦੀ ਪੂੰਜੀ ਨਸ਼ਟ ਕੀਤੀ ਹੈ ਤਾਂ ਉਸ ਨੂੰ ਤਰੁੰਤ ਉਸਦੇ ਕਰਮਾਂ ਅਨੁਸਾਰ ਪੁਨਰ-ਜਨਮ ਮਿਲ ਗਿਆ ਹੋਵੇਗਾ। ਭਾਵ ਇਹ ਹੈ ਕਿ ਉਹ ਤਦ ਵੀ ਕਬਰ ਵਿਚ ਵਾਸ ਨਹੀਂ ਕਰਦਾ। ਅਜਿਹੇ ਹਾਲਾਤਾਂ ਵਿਚ ਕਬਰ ਪੂਜਣ ਵਾਲਿਆਂ ਨੂੰ ਕੀ ਲਾਭ ਹੋ ਸਕਦਾ ਹੈ?

ਗੁਰੁਦੇਵ ਜੀ ਦੇ ਪ੍ਰਵਚਨਾਂ ਦਾ ਸਾਰ ਕਿਸੇ ਵਿਅਕਤੀ ਨੇ ਜਾ ਕੇ ਚੌਧਰੀ ਤ੍ਰਿਲੋਕੇ ਜਵੰਧਾ ਨੂੰ ਦਸਿਆ। ਉਸਨੇ ਮਹਿਸੂਸ ਕੀਤਾ ਕਿ ਗੱਲ ਵਿਚ ਤੱਤ ਹੈ। ਉਹ ਕੁਝ ਭੇਟਾ ਲੈ ਕੇ ਗੁਰੂਜੀ ਦੇ ਸਨਮੁੱਖ ਹਾਜ਼ਰ ਹੋਇਆ ਅਤੇ ਪਹਿਲਾਂ ਨਾ ਆਉਣ ਲਈ ਪਛਤਾਵਾ ਕਰਨ ਲੱਗਾ। ਉਸ ਤੋਂ ਗੁਰੁਦੇਵ ਨੇ ਪੁਛਿਆ, ਪਹਿਲਾਂ ਨਾ ਆਉਣ ਦਾ ਕੀ ਕਾਰਣ ਸੀ? ਜੁਆਬ ਵਿਚ ਚੌਧਰੀ ਤ੍ਰਿਲੋਕੇ ਨੇ ਦਸਿਆ, ਮੈਂ ਤਾਂ ਆਪ ਜੀ ਦੇ ਦਰਸ਼ਨਾਂ ਦੇ ਲਈ ਚਲ ਪਿਆ ਸੀ, ਪਰ ਮਜ਼ਾਰ ਦੇ ਪੁਜਾਰੀ ਨੇ ਆਪ ਜੀ ਦੇ ਕੋਲ ਆਉਣ ਨਹੀਂ ਦਿੱਤਾ, ਉਸ ਅਨੁਸਾਰ ਮੈਂ ਆਪ ਜੀ ਦਾ ਚੇਲਾ ਬਣ ਜਾਵਾਂਗਾ ਤਾਂ ਫਿਰ ਉਸ ਦੀ ਆਮਦਨ ਦੇ ਸਾਧਨ ਘੱਟ ਹੁੰਦੇ ਚਲੇ ਜਾਣਗੇ, ਅਸਲ ਵਿਚ ਉਹ ਜਨਤਾ ਵਿਚ ਜਾਗਰਤੀ ਨਹੀਂ ਆਉਣ ਦੇਣਾ ਚਾਹੁੰਦੇ।

ਗੁਰੁਦੇਵ ਜੀ ਨੇ ਕਿਹਾ, ਜਦੋਂ ਗਿਆਨ ਆਵੇਗਾ ਤਾਂ ਅਗਿਆਨਤਾ ਦਾ ਹਨੇਰਾ ਖੁਦ ਹੀ ਚਲਾ ਜਾਵੇਗਾ, ਇਸ ਲਈ ਸੱਚ ਦੇ ਮਾਰਗ ਤੇ ਚਲਣ ਤੋਂ ਪਹਿਲਾਂ ਪੂਰੇ ਗੁਰੂ ਦੀ ਖੋਜ ਬਹੁਤ ਜ਼ਰੂਰੀ ਹੈ, ਨਹੀਂ ਤਾਂ ਭਟਕਣ ਬਣੀ ਰਹੇਗੀ ਅਤੇ ਬਾਰ-ਬਾਰ ਜਨਮ ਲੈਂਦੇ ਰਹੋਗੇ। ਚੌਧਰੀ ਤ੍ਰਿਲੋਕਾ ਜਵੰਧਾ ਨੇ ਗੁਰੂਜੀ ਦੇ ਸਨਮੁੱਖ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਅਤੇ ਕਿਹਾ, ਕ੍ਰਿਪਾ ਕਰਕੇ ਉਸ ਨੂੰ ਮੁਆਫ ਕਰ ਦਿਓ ਅਤੇ ਵਿਵੇਕ ਬੁਧੀ ਦੇਣ ਦੀ ਕ੍ਰਿਪਾਲਤਾ ਕਰਨ ਜਿਸ ਨਾਲ ਉਸ ਨੂੰ ਸ਼ਾਸਵਤ ਗਿਆਨ ਦੀ ਪ੍ਰਾਪਤੀ ਹੋ ਸਕੇ।

ਉਸਦੀ ਨਿਮਰਤਾ ਵੇਖ ਕੇ ਗੁਰੁਦੇਵ ਜੀ ਨੇ ਉਸ ਨੂੰ ਗੁਰੂ-ਦੀਖਿਆ ਦੇ ਕੇ ਕ੍ਰਿਤਾਰਥ ਕੀਤਾ।

## "ਕੁਰੂਕਛੇਤਰ ਦਾ ਸੂਰਜ ਗ੍ਰਹਿਣ"

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਪ੍ਰਚਾਰ ਅਭਿਆਨ ਦੇ ਦਿਨਾਂ ਵਿਚ 'ਸੂਰਜ ਗ੍ਰਹਿਣ ਦੇ ਮੇਲੇ' ਦੇ ਮੌਕੇ ਨੂੰ ਧਿਆਨ ਵਿਚ ਰੱਖ ਕੇ ਕੁਰੂਕਸ਼ੇਤਰ ਪਹੁੰਚੇ, ਉਨ੍ਹਾਂ ਅਨੁਸਾਰ, ਇੱਕਠੀ ਹੋਈ ਭੀੜ ਨੂੰ ਸਹਿਜੇ ਹੀ ਗੁਰਮਤਿ ਸਿਧਾਂਤ ਸਮਝਾਏ ਜਾ ਸਕਦੇ ਹਨ। ਇਹੀ ਵਿਧੀ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਅਪਨਾਉਂਦੇ ਸਨ, ਜਿਹੜੀ ਕਿ ਬਹੁਤ ਸਫਲ ਸਿੱਧ ਹੁੰਦੀ ਰਹੀ। ਗੁਰੁਦੇਵ ਜੀ ਨੂੰ ਕੁਝ ਪੰਡਤਾਂ ਨੇ ਗ੍ਰਹਿਣ ਦੇ ਸਮੇਂ ਇਸ਼ਨਾਨ ਕਰਨ ਲਈ ਮਜ਼ਬੂਰ ਕੀਤਾ ਜੁਆਬ ਵਿਚ ਗੁਰੁਦੇਵ ਜੀ ਨੇ ਉੱਤਰ ਦਿੱਤਾ ਕਿ ਉਨ੍ਹਾਂ ਨੇ ਸਰੀਰ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਆਪਣਾ ਨਿਯਮ ਬਣਾਇਆ ਹੋਇਆ ਹੈ। ਉਹ ਸਵੇਰ ਸਮੇਂ ਹਰ ਰੋਜ਼ ਇਸ਼ਨਾਨ ਕਰਦੇ ਹਨ ਅਤੇ ਅੱਜ ਵੀ ਕੀਤਾ ਹੈ। ਰਹੀ ਗੱਲ ਪੁੰਨ ਅਤੇ ਪਾਪ ਦੀ ਇਸ ਨੂੰ ਉਹ ਮੰਨਦੇ ਹੀ ਨਹੀਂ। ਉਨ੍ਹਾਂ ਦਾ ਮੰਨਣਾ ਹੈ ਕਿ ਸਰੀਰ ਦੇ ਇਸ਼ਨਾਨ ਨਾਲੋਂ ਹਿਰਦੇ (ਮਨ) ਦੀ ਮੈਲ ਹਰੀ ਦੇ ਨਾਮ ਰੂਪੀ ਜਲ ਨਾਲ ਧੋਣੀ ਚਾਹੀਦੀ ਹੈ ਕਿਉਂਕਿ ਸ਼ੁੱਭ ਕਰਮਾਂ ਨੇ ਹੀ ਨਾਲ ਜਾਣਾ ਹੈ। ਅਧਿਆਤਮਿਕ ਦੁਨੀਆ ਵਿਚ ਤਾਂ ਸਰੀਰ ਮਨ ਤੋਂ ਬਾਅਦ ਹੈ।

**ਸਾਧੋ ਇਹ ਤਨੁ ਮਿਥਿਆ ਜਾਨਉ ॥**

**ਯਾ ਭੀਤਰਿ ਜੋ ਰਾਮ ਬਸਤੁ ਹੈ ਸਾਚੋ ਤਾਹਿ ਪਛਾਨੋ ॥1 ॥ਰਹਾਉ**

**ਇਹ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥**

**ਸੰਗਿ ਤਿਹਾਰੈ ਕਛੂਨ ਚਾਲੈ ਤਾਹਿ ਕਹਾ ਲਪਟਾਨੋ ॥1 ॥**

**ਉਸਤਤਿ ਨਿੰਦਾ ਦੋਊ ਪਰਹਰ ਹਰਿ ਕੀਰਤਿ ਉਰਆਨੋ ॥**

**ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥।**

'ਗੁਰੁਦੇਵ ਜੀ ਦੀ ਬਾਣੀ ਸਮੇਂ ਦੇ ਅਨੁਕੂਲ ਸੀ, ਸਾਰੇ ਸਰੋਤੇ ਇਸ ਨਵੇਂ ਵਿਚਾਰ ਨਾਲ ਮੰਤਰ ਮੁਗਧ ਹੋ ਗਏ।

# ਭਾਈ ਮੀਂਹ

ਸ੍ਰੀ ਗੁਰੂਤੇਗ ਬਹਾਦਰ ਜੀ, ਸ੍ਰੀ ਗੁਰੂਨਾਨਕ ਦੇਵ ਦੇ ਸਿਧਾਤਾਂ (ਮਿਸ਼ਨ) ਦਾ ਪ੍ਰਚਾਰ ਕਰਦੇ ਹੋਏ ਜ਼ਿਲਾ ਕਰਨਾਲ, ਹਿਸਾਰ ਤੇ ਰੋਹਤਕ ਆਦਿ ਇਲਾਕਿਆਂ ਵਿਚ ਵਿਚਰ ਰਹੇ ਸਨ, ਉਨ੍ਹਾਂ ਦਿਨਾਂ ਵਿਚ ਉਸ ਇਲਾਕੇ ਨੂੰ ਬਾਗਰ ਦੇਸ਼ ਕਹਿੰਦੇ ਸਨ। ਉਥੇ ਗੁਰੂਸਾਹਿਬ ਦੇ ਸੰਪਰਕ ਵਿਚ ਇੱਕ ਸ਼ਰਧਾਲੂਆਇਆ, ਜਿਸ ਦਾ ਨਾਂ ਰਾਮਦੇਵ ਸੀ, ਇਹ ਨੌਜੁਆਨ 'ਧਮਧਾਣ ਸਾਹਿਬ' ਨਾਮਕ ਕਸਬੇ ਦਾ ਨਿਵਾਸੀ ਸੀ। ਉਸ ਦੇ ਮਨ ਵਿਚ ਗੁਰੂਦੇਵ ਜੀ ਦੀ ਸੇਵਾ ਕਰਨ ਦੀ ਇੱਛਾ ਹਮੇਸ਼ਾ ਬਣੀ ਰਹਿੰਦੀ ਸੀ। ਉਸ ਨੌਜੁਆਨ ਨੇ ਮਹਿਸੂਸ ਕੀਤਾ ਕਿ ਗੁਰੂਦੇਵ ਜੀ ਦੇ ਕਾਫਲੇ ਵਿਚ ਕਦੇ-ਕਦੇ ਪਾਣੀ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਉਸ ਨੇ ਇਸ ਕਾਰਜ ਨੂੰ ਆਪਣੇ ਜ਼ਿੰਮੇ ਲੈ ਲਿਆ ਅਤੇ ਪਾਣੀ ਢੋਣ ਦੀ ਸੇਵਾ ਕਰਨ ਲੱਗਾ। ਸਵੇਰੇ- ਸਵੇਰੇ ਹੀ ਉਹ ਸਿਰ ਤੇ ਗਾਗਰ ਚੁੱਕ ਕੇ ਪਾਣੀ ਭਰਨ ਚਲ ਪੈਂਦਾ ਤੇ ਸਾਰਾ ਦਿਨ ਪਾਣੀ ਢੋਂਦਾ ਰਹਿੰਦਾ। ਜਦੋਂ ਪਾਣੀ ਦੀ ਲੋੜ ਨਹੀਂ ਵੀ ਹੁੰਦੀ ਸੀ ਤਾਂ ਵੀ ਉਹ ਪਾਣੀ ਲਿਆ ਕੇ ਚਾਰੇ ਪਾਸੇ ਛਿੜਕ ਦੇਂਦਾ ਸੀ। ਪਾਣੀ ਢੋਣ ਤੋਂ ਉਹ ਅੱਕਦਾ ਨਹੀਂ ਅਤੇ ਨਾ ਹੀ ਕਦੇ ਥਕਾਵਟ ਮਹਿਸੂਸ ਕਰਦਾ ਸੀ।

ਇੱਕ ਦਿਨ ਪਾਣੀ ਦੀ ਗਾਗਰ ਉਤਾਰਦਿਆਂ ਉਸਦੇ ਸਿਰ ਤੋਂ ਬਿੰਨੂ(ਪਾਣੀ ਦੀ ਗਾਗਰ ਰੱਖਣ ਲਈ ਬਣਾਇਆ ਕਪੜੇ ਦਾ ਗੋਲ ਚੱਕਰ) ਡਿੱਗ ਪਿਆ। ਅਚਾਨਕ ਮਾਤਾ ਗੁਜਰੀ ਜੀ ਦਾ ਧਿਆਨ ਉਸਦੇ ਸਿਰ ਤੇ ਪਿਆ ਤਾਂ ਉਨ੍ਹਾਂ ਨੇ ਵੇਖਿਆ ਕਿ ਸੇਵਾਦਾਰ ਰਾਮਦੇਵ ਦੇ ਸਿਰ ਵਿਚ ਜ਼ਖਮ ਹੋ ਗਿਆ ਹੈ। ਉਨ੍ਹਾਂ ਨੇ ਉਸਨੂੰ ਤੁਰੰਤ ਇਲਾਜ ਕਰਨ ਲਈ ਕਿਹਾ, ਪਰ ਰਾਮਦੇਵ ਨੇ ਫਿਰ ਗਾਗਰ ਚੁੱਕ ਲਈ ਅਤੇ ਪਾਣੀ ਲੈਣ ਲਈਂ ਚੱਲ ਪਿਆ। ਮਾਤਾ ਜੀ ਨੇ ਉਸਦੀ ਸੇਵਾ ਅਤੇ ਸ਼ਰਧਾ ਦੀ ਪ੍ਰਸੰਸਾ ਕਰਦੇ ਹੋਏ ਗੁਰੂਜੀ ਨੂੰ ਕਿਹਾ ਕਿ ਕ੍ਰਿਪਾ ਕਰਕੇ ਤੁਸੀਂ ਇਸ ਸੇਵਕ ਦੀ ਮਨੋਕਾਮਨਾ ਜ਼ਰੂਰ ਪੂਰੀ ਕਰ ਦੇਣਾ। ਗੁਰੂਜੀ ਤਾਂ ਪਹਿਲਾਂ ਹੀ ਉਸ ਤੇ ਬਹੁਤ ਪ੍ਰਸੰਨ ਸਨ, ਉਸਦੀ ਸੇਵਾ ਨੂੰ ਮਦੇਨਜ਼ਰ ਰੱਖ ਕੇ ਉਸ ਨੂੰ 'ਭਾਈ ਮੀਂਹ' ਕਹਿੰਦੇ ਸਨ, ਜਿਸ ਦਾ ਅਰਥ ਹੈ ਕਿ ਉਹ ਸੇਵਕ ਪਾਣੀ ਇਸ ਤਰ੍ਹਾਂ ਵਰ੍ਹਾਉਂਦਾ ਹੈ, ਜਿਵੇਂ ਮੀਂਹ ਪੈ ਰਿਹਾ ਹੋਵੇ। ਅਰਥਾਤ ਮੀਂਹ ਵਰ੍ਹਾਉਣ ਵਾਲਾ ਸੇਵਕ।

ਗੁਰੂਦੇਵ ਜੀ ਨੇ ਭਾਈ ਮੀਂਹ (ਰਾਮਦੇਵ) ਨੂੰ ਕੋਲ ਬੁਲਾ ਕੇ ਉਸਦੀ ਮਨੋਕਾਮਨਾ ਪੁੱਛੀ । ਉਹ ਕਹਿਣ ਲੱਗਾ ਕਿ ਉਸ ਨੂੰ ਤਾਂ ਉਨ੍ਹਾਂ ਦੀ ਸੇਵਾ ਹੀ ਚਾਹੀਦੀ ਹੈ। ਇਸੇ ਵਿਚ ਉਸ ਨੂੰ ਖੁਸ਼ੀ ਮਿਲਦੀ ਹੈ, ਉਸਨੂੰ ਕਿਸੇ ਹੋਰ ਚੀਜ਼ ਦੀ ਇੱਛਾ ਨਹੀਂ ਹੈ। ਉਸਦੀ ਨਿਸ਼ਕਾਮ ਸੇਵਾ ਤੇ ਗੁਰੂਦੇਵ ਅਤਿਅੰਤ ਪ੍ਰਸੰਨ ਹੋਏ। ਉਨ੍ਹਾਂ ਨੇ ਉਸ ਨੂੰ ਗਲੇ ਲਾਇਆ ਅਤੇ ਕਿਹਾ, ਗੁਰੂਨਾਨਕ ਦੇ ਘਰ ਦੀ ਉਸ ਨੇ ਜੋ ਸੇਵਾ ਕੀਤੀ ਹੈ, ਉਹ ਸਫਲ ਹੋਈ ਹੈ' ਹੁਣ ਤੋਂ ਉਹ ਗੁਰੂਘਰ ਦਾ ਪ੍ਰਤੀਨਿਧ ਬਣ ਕੇ ਗੁਰਮਤਿ (ਗੁਰੂਨਾਨਕ ਦੇਵ ਜੀ ਦੇ ਸਿਧਾਤਾਂ) ਦਾ ਪ੍ਰਚਾਰ ਕਰੇ, ਉਹ ਉਸਨੂੰ ਆਪਣਾ ਪ੍ਰਚਾਰਕ ਘੋਸ਼ਿਤ ਕਰਦੇ ਹਨ। ਵਿਦਾਈ ਦੇਂਦੇ ਸਮੇਂ ਉਸ ਨੂੰ ਗੁਰੂਜੀ ਨੇ ਕਿਹਾ, ਧਨ ਸੰਪਦਾ ਉਸਦੇ ਪਿਛੇ ਭੱਜੀ ਆਵੇਗੀ। ਉਸ ਦਾ ਸਦਉਪਯੋਗ ਕਰਨਾ ਅਤੇ ਲੰਗਰ ਦੀ ਪ੍ਰਥਾ ਸਦਾ ਬਣਾਈ ਰਖਵਾ।

## 'ਸਾਧੂਮਲੂਕਾ'

ਸ੍ਰੀ ਗੁਰੂਤੇਗ ਬਹਾਦਰ ਜੀ ਕੁਰੂਕਸ਼ੇਤਰ ਤੋਂ ਹੁੰਦੇ ਹੋਏ 'ਬਨੀ' 'ਬਦਰਪੁਰ' ਆਦਿ ਸਥਾਨਾਂ ਤੋਂ ਹੋ ਕੇ ਅੱਗੇ ਵੱਧਦੇ ਹੋਏ 'ਵੱਡਾ ਮਾਣਕਪੁਰ' ਪਹੁੰਚੇ। ਉਥੇ ਵੈਸ਼ਨੋ ਮੱਤ ਦਾ ਇੱਕ ਸਾਧੂਮਲੂਕ ਚੰਦ ਰਹਿੰਦਾ ਸੀ। ਜਦੋਂ ਉਸ ਨੂੰ ਪਤਾ ਲਗਿਆ ਕਿ ਸ੍ਰੀ ਗੁਰੂਨਾਨਕ ਦੇਵ ਜੀ ਦੇ ਨੌਂਵੇਂ ਉਤਰਾਧਿਕਾਰੀ ਉਸ ਇਲਾਕੇ ਵਿਚ ਪਧਾਰੇ ਹਨ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਉਹ ਗੁਰੂਜੀ ਦੇ ਦਰਸ਼ਨਾਂ ਲਈ ਉਤਸੁਕਤ ਰਹਿਣ ਲੱਗਾ। ਪਰ ਜਿਉਂ ਹੀ ਉਸ ਨੂੰ ਪਤਾ ਲੱਗਾ ਕਿ ਸ੍ਰੀ ਗੁਰੂਤੇਗ ਬਹਾਦਰ ਜੀ ਤਾਂ ਅਸਤਰ-ਸ਼ਸਤਰਧਾਰੀ ਹਨ ਅਤੇ ਉਹ ਸ਼ਿਕਾਰ ਆਦਿ ਵੀ ਖੇਡਦੇ ਹਨ ਤਾਂ ਉਸਦਾ ਉਤਸ਼ਾਹ ਠੰਡਾ ਪੈ ਗਿਆ। ਉਹ ਸੋਚਣ ਲੱਗਾ ਕਿ ਉਹ ਤਾਂ ਅਹਿੰਸਾ ਨੂੰ ਪਰਮ-ਧਰਮ ਮੰਨਦਾ ਹੈ, ਫਿਰ ਕਿਸ ਉਦੇਸ਼ ਨੂੰ ਲੈ ਕੇ ਉਹ ਉਨ੍ਹਾਂ ਦੇ ਦਰਸ਼ਨ ਕਰੇ, ਕਿਉਂਕਿ ਵਿਚਾਰਧਾਰਾ ਤਾਂ ਉਲਟ ਹੈ। ਇਸੇ ਦੁਚਿੱਤੀ ਵਿਚ ਪਿਆ ਹੋਇਆ ਉਹ ਕੋਈ ਵੀ ਫੈਸਲਾ ਨਾ ਕਰ ਸਕਿਆ। ਉਸਨੇ ਰੋਜ਼ਾਨਾ ਵਾਂਗ ਜਿਉਂ ਹੀ ਆਪਣੇ ਇਸ਼ਟ ਦੇਵ ਨੂੰ ਭੋਗ ਲਾਉਣ ਦੇ ਲਈ ਥਾਲ ਪੇਸ਼ ਕੀਤਾ ਅਤੇ ਉਪਰ ਤੋਂ ਰੁਮਾਲ ਹਟਾਇਆ ਤੇ ਵੇਖਿਆ ਕਿ ਉਸ ਥਾਲੀ ਵਿਚ ਮਾਸ ਦਾ ਭੋਜਨ ਪਰੋਸਿਆ ਹੋਇਆ ਹੈ। ਉਸਨੂੰ ਘ੍ਰਿਣਾ ਹੋਈ, ਉਹ ਉਸ ਭੋਜਨ ਦੀ ਬੋਅ ਵੀ ਸਹਿਣ ਨਹੀਂ ਕਰਨਾ ਚਾਹੁੰਦਾ ਸੀ। ਅਖੀਰ ਉਸਨੇ ਦੁਬਾਰਾ ਆਪਣੇ ਹੱਥਾਂ ਨਾਲ ਥਾਲ ਪਰੋਸਿਆ ਅਤੇ ਸੁੱਧ ਵੈਸ਼ਨੋ ਭੋਜਨ ਲੈ ਕੇ ਇਸ਼ਟ ਦੇਵ ਕੋਲ ਗਿਆ। ਪਰ ਇਹ ਕੀ, ਭੋਜਨ ਤਾਂ ਫਿਰ ਤੋਂ ਉਹੀ ਮਾਸਾਹਾਰੀ ਹੈ। ਉਸ ਨੂੰ ਇਸ ਭੇਤ (ਭਰਮ) ਦਾ ਮਤਲਬ ਸਮਝ ਨਹੀਂ ਆਇਆ। ਉਸਨੇ ਭੋਜਨ ਨਹੀਂ ਕੀਤਾ ਅਤੇ ਵੈਰਾਗ ਵਿਚ ਅਥਰੂਵਹਿੰਦੇ ਨੇਤਰਾਂ ਨਾਲ ਆਸਣ ਤੇ ਧਿਆਨ ਮਗਨ ਹੋ ਗਿਆ। ਤਦ ਉਸਨੇ ਆਪਣੇ ਇਸ਼ਟ ਨੂੰ ਪ੍ਰਤੱਖ ਸਾਕਾਰ ਰੂਪ ਵਿਚ ਪ੍ਰਗਟ ਹੁੰਦੇ ਵੇਖਿਆ।

ਦੈਵੀ ਸ਼ਕਤੀ ਨੇ ਕਿਹਾ, ਹੇ ਮਲੂਕ ਚੰਦ ! ਤੇਰੀ ਭਗਤੀ ਸੰਪੂਰਨ ਹੋਈ ਹੈ, ਫਿਰ ਇਹ ਭਰਮ ਕੈਸਾ? ਕੀ ਤੂੰ ਨਹੀਂ ਜਾਣਦਾ ਕਿ ਸਾਰੇ ਅਵਤਾਰ ਪੁਰਸ਼ ਸ਼ਸ਼ਤਰ-ਧਾਰੀ ਸਨ ਅਤੇ ਮਨੁੱਖਤਾ ਦੇ ਉਧਾਰ ਦੇ ਲਈ ਆਪਣੀਆਂ ਲੀਲਾਵਾਂ ਵਿਚ ਦੁਸ਼ਟਾਂ ਦੇ ਨਾਸ ਕਰਨ ਲਈ ਸ਼ਤਰਾਂ ਦੀ ਵਰਤੋਂ ਕਰਦੇ ਸਨ। ਤਦ ਮਲੂਕ ਚੰਦ ਨੇ ਮੁਆਫੀ ਮੰਗਦੇ ਹੋਏ ਕਿਹਾ ਕਿ ਉਸ ਤੋਂ ਭੁੱਲ ਹੋ ਗਈ, ਜਿਹੜਾ ਉਹ ਭਟਕ ਗਿਆ ਸੀ, ਉਸ ਨੇ ਆਪਣੇ ਮਨ ਵਿਚ ਪੈਦਾ ਹੋਏ ਸਾਰੇ ਸ਼ੰਕੇ ਬਾਹਰ ਕੱਢ ਕੇ ਅੱਜ ਹੀ ਗੁਰੂਦੇਵ ਜੀ ਦੇ ਦਰਸੁਨਾਂ ਲਈ ਜਾਣਾ ਹੈ।

## ਇੱਕ ਸੰਨਿਆਸੀ ਨੂੰ ਉਪਦੇਸ਼

ਸ੍ਰੀ ਗੁਰੂਤੇਗ ਬਹਾਦਰ ਜੀ ਮਾਨਵ ਸਮਾਜ ਦੇ ਕਲਿਆਣ ਲਈ ਪ੍ਰਚਾਰ ਦੌਰੇ ਦੇ ਅੰਤਰਗਤ ਹਰਿਦੁਆਰ ਪਹੁੰਚੇ। ਉਨ੍ਹਾਂ ਨੇ ਆਪਣੇ ਕਾਫਲੇ ਦਾ ਤੰਬੂਹਰਿਦੁਆਰ ਦੇ ਨੇੜੇ 'ਕਨਖਲ' ਕਸਬੇ ਵਿਖੇ ਲਾਇਆ, ਜਿਉਂ ਹੀ ਆਮ ਜਨਮਾ ਨੂੰ ਪਤਾ ਲੱਗਾ ਕਿ ਗੁਰੂਨਾਨਕ ਦੇਵ ਜੀ ਦੇ ਨੌਂਵੇਂ ਉਤਰਾਧਿਕਾਰੀ ਉਥੇ ਪਧਾਰੇ ਹਨ ਤਾਂ ਆਲੇ ਦੁਆਲੇ ਦੇ ਇਲਾਕਿਆਂ ਤੋਂ ਆਪ ਜੀ ਦੇ ਦਰਸ਼ਨਾਂ ਲਈ ਭੀੜ ਉਮੜ ਪਈ। ਆਪ ਜੀ ਦੀ ਪ੍ਰਸੰਸਾ ਸੁਣ ਕੇ ਇੱਕ ਸੰਨਿਆਸੀ ਵਿਸ਼ੇਸ਼ ਤੌਰ ਤੇ ਆਪ ਜੀ ਨੂੰ ਮਿਲਣ ਲਈ ਆਇਆ। ਮੁਲਾਕਾਤ ਹੋਣ ਤੇ ਉਸਨੇ ਆਪਣੇ ਮਨ ਦੀ ਵੇਦਨਾ ਇਸ ਤਰ੍ਹਾਂ ਕਹਿ ਕੇ ਸੁਣਾਈ-ਹੇ

ਗੁਰੂਦੇਵ ! ਮੈਂ ਸੁਣਿਆ ਹੋਇਆ ਹੈ ਕਿ ਗੁਰੂਨਾਨਕਦੇਵ ਜੀ ਗ੍ਰਹਿਸਥ ਵਿਚ ਰਹਿੰਦੇ ਹੋਏ ਪੂਰਨ ਸੱਚਦੀ ਪ੍ਰਾਪਤੀ ਲਈ ਮਾਰਗ ਦਰਸ਼ਨ (ਅਗਵਾਈ) ਕਰਦੇ ਸਨ। ਬਸ ਮੈਂ ਉਸੇ ਸ਼ਾਸ਼ਤਵ ਗਿਆਨ ਦੀ ਪ੍ਰਾਪਤੀ ਦੇ ਲਈ ਭਟਕ ਰਿਹਾ ਹਾਂ, ਮੈਂ ਜਪ, ਤਪ, ਵਰਤ ਅਤੇ ਯੋਗ-ਸਾਧਨਾ ਕਰਕੇ ਥੱਕ ਗਿਆ ਹਾਂ, ਕਈ ਵਾਰ ਤੀਰਥ-ਯਾਤਰਾ ਵੀ ਕਰ ਆਇਆ ਹਾਂ, ਪਰ ਮੇਰਾ ਮਨ ਕਾਬੂਵਿਚ ਨਹੀਂ ਹੈ।

ਇਸ ਲਈ ਆਪ ਜੀ ਮੈਨੂੰ ਅਜਿਹਾ ਗਿਆਨ ਬਖਸੋ ਕਿ ਮੇਰਾ ਧਿਆਨ ਪ੍ਰਭੂਚਰਨਾਂ, ਵਿਚ ਪੂਰੀ ਤਰ੍ਹਾਂ ਜੁੜਿਆ ਰਹੇ।

ਗੁਰੂਜੀ ਦੇ ਉਸ ਦੀ ਸੱਮਸਿਆ ਦਾ ਸਮਾਧਾਨ (ਹੱਲ) ਕਰਦੇ ਹੋਏ ਕਿਹਾ, ਕਿ ਉਸ ਨੂੰ ਈਸ਼ਵਰ ਦੀ ਖੋਜ ਲਈ ਜੰਗਲਾਂ ਵਿਚ ਭਟਕਣ ਦੀ ਲੋੜ ਨਹੀਂ ਹੈ। ਪ੍ਰਭੂਸਰਬ-ਵਿਆਪ ਹੈ, ਜਿਵੇਂ ਫੁੱਲ ਵਿਚ ਖੁਸ਼ਬੋ ਅਤੇ ਸ਼ੀਸੇ ਵਿਚ ਪਰਛਾਵਾਂ ਰਹਿੰਦਾ ਹੈ, ਉਹੀ ਸਥਿਤੀ ਪ੍ਰਮਾਤਮਾ ਦੀ ਹੈ। ਉਸ ਭਗਵਾਨ ਨੂੰ ਆਪਣੇ ਮਨ ਦੇ ਅੰਦਰ ਹੀ ਖੋਜੋ।

ਉਸ ਸਮੇਂ ਗੁਰੂਜੀ ਨੇ ਨਿਮਨਲਿਖਿਤ ਪਦ ਗਾ ਕੇ ਉਸ ਦਾ ਮਾਰਗ-ਦਰਸ਼ਨ ਕੀਤਾ।

**ਕਾਹੇ ਰੇ ਬਨ ਖੋਜਨ ਜਾਈ ॥**

**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ਰਹਾਉ ॥**

**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**

**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥**

**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**

**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥**

## ਗੁਰੂਭਗਤਾਂ ਦੀ ਪ੍ਰੇਮ ਅਤੇ ਸ਼ਰਧਾ ਭਰੀਆਂ ਅਰਾਧਨਾਵਾਂ।

ਬ੍ਰਹਮਪੁਤਰ ਨਦੀ ਤੋਂ ਅੱਗੇ ਆਸਾਮ ਦੇ ਇਲਾਕੇ ਵਿਚ ਸਿੱਖ ਸਿਧਾਤਾਂ ਦਾ ਜਿਹੜਾ 'ਬੀਜ' ਗੁਰੂਨਾਨਕ ਦੇਵ ਜੀ ਆਪ ਬੀਜ ਗਏ ਸਨ, ਗੁਰੂਤੇਗ ਬਹਾਦਰ ਜੀ ਮਾਨਵ ਕਲਿਆਣ ਦੇ ਬਹਾਨੇ ਉਸੇ ਨੂੰ ਹੀ ਪਾਣੀ ਦੇਣ ਆਏ ਹਨ। ਉਹ ਸਰਧਾਲੂਜਿਹੜੇ ਦੂਰੀ ਦੇ ਕਾਰਨ ਪੰਜਾਬ ਨਹੀਂ ਜਾ ਸਕਦੇ, ਦਰਸ਼ਨਾਂ ਦੀ ਅਭਿਲਾਸ਼ਾ ਰਖਦੇ ਹਨ। ਆਪਣੇ ਗੁਰੂਦੇਵ ਲਈ ਕਿਸੇ ਨੇ ਸੁੰਦਰ ਪਲੰਘ ਬਣਵਾ ਕੇ ਉਸ ਉਤੇ ਮਖਮਲੀ ਤਕੀਏ (ਸਿਰਹਾਣੇ ਸਜਾ ਦਿੱਤੇ ਹਨ ਅਤੇ ਪ੍ਰਤਿਗਿਆ ਕੀਤੀ ਹੋਈ ਹੈ ਕਿ ਜਦੋਂ ਤੱਕ ਗੁਰੂਸਾਹਿਬ ਉਨ੍ਹਾਂ ਉਤੇ ਬਿਰਾਜਮਾਨ ਹੋ ਕੇ ਦਰਸ਼ਨਾਂ ਨਾਲ ਕ੍ਰਿਤਾਰਥ ਨਹੀਂ ਕਰਨਗੇ, ਤਦ ਤੱਕ ਉਹ ਕਿਸੇ ਵੀ ਪਲੰਘ ਤੇ ਨਹੀ ਲੇਟਣਗੇ। ਕਈਆਂ ਨੇ ਸੁੰਦਰ ਘਰ ਬਣਾਏ ਹੋਏ ਹਨ, ਪਰ ਨਾਲ ਹੀ ਇਹ ਪ੍ਰਣ ਵੀ ਕੀਤਾ ਹੋਇਆ ਹੈ ਕਿ ਜਦੋਂ ਤੱਕ ਗੁਰੂਸਾਹਿਬ ਉਨ੍ਹਾਂ ਮਕਾਨਾਂ ਵਿਚ ਚਰਨ ਨਹੀਂ ਪਾਉਣਗੇ, ਉਦੋਂ ਤੱਕ ਉਹ ਉਨ੍ਹਾਂ ਮਕਾਨਾਂ ਵਿਚ ਨਹੀਂ ਰਹਿਣਗੇ, ਬਹੁਤ ਸਾਰੇ ਲੋਕਾਂ ਨੇ ਕੀਮਤੀ ਪੁਸ਼ਾਕਾਂ ਬਣਵਾ ਕੇ ਰੱਖੀਆਂ ਹਨ ਅਤੇ ਇਹ ਦ੍ਰਿੜ ਨਿਸ਼ਚਾ ਕੀਤਾ ਹੋਇਆ ਹੈ ਕਿ ਜਦੋਂ ਤੱਕ ਗੁਰੂਦੇਵ ਜੀ ਉਨ੍ਹਾਂ ਪੁਸ਼ਾਕਾਂ ਨੂੰ ਨਹੀਂ ਪਹਿਣਗੇ, ਉਦੋ ਤੱਕ ਉਹ ਬਸਤਰ

ਧਾਰਨ ਨਹੀਂ ਕਰਨਗੇ। ਕਿਸੇ ਨੇ ਘੋੜਾ ਪਾਲ ਰੱਖਿਆ ਹੈ, ਕਿਸੇ ਨੇ ਪਾਲਕੀ ਸਜਾ ਰਖੀ ਹੈ। ਇਸ ਤਰ੍ਹਾਂ ਅਣਗਿਣਤ ਸਿੱਖਾਂ ਦੀ ਸ਼ਰਧਾ ਅਤੇ ਪ੍ਰਤਿਗਿਆਵਾਂ ਪੂਰੀਆਂ ਕਰਨ ਲਈ ਗੁਰੂਜੀ ਨਦੀ ਅਤੇ ਮੇਘ ਦੀ ਤਰ੍ਹਾਂ ਜੀਵਾਂ ਤੇ ਕ੍ਰਿਪਾ ਵਰਖਾ ਕਰਦੇ ਹੋਏ ਸਿੱਖਾਂ ਦਾ ਕਲਿਆਣ ਕਰਨ ਜਾ ਰਹੇ ਹਨ।

ਉਹ ਸਾਰੇ ਸਿੱਖ ਇਸ ਤਰ੍ਹਾਂ ਗੁਰੂਚਰਨਾਂ ਵਿਚ ਨਿਵੇਦਨ (ਬੇਨਤੀ) ਕਰਦੇ ਆ ਰਹੇ ਹਨ, ਹੇ ਭਗਵਾਨ! ਆਪ ਨੇ 'ਰਾਜਾ' 'ਅਬਰੀਕ' ਦੀ ਇੱਛਾ ਪੂਰੀ ਕੀਤੀ, 'ਵਾਸਣ' ਬਣ ਕੇ ਇੰਕਰ ਦੀ ਸਹਾਇਤਾ ਕੀਤੀ ਬਲੀ ਰਾਜਾ ਦੀ ਬੁੱਧੀ ਫੇਰ ਦਿੱਤੀ, ਦਰੋਪਦੀ ਦੀ ਲਾਜ ਰੱਖੀ, ਸੁਦਾਮੇ ਦੀ ਦਲਿੱਦਰ ਦੂਰ ਕੀਤਾ, ਵਿਧੁਰ ਦਾ ਸਾਗ ਖਾਧਾ, ਭੀਲਨੀ ਦੇ ਬੇਰ ਚਖੇ, ਕਰਣ ਬਾਈ ਦੀ ਖਿਚੜੀ ਦਾ ਸੇਵਨ ਕੀਤਾ, ਧੰਨੇ ਜੱਟ ਦੇ ਪਸ਼ੂਆਂ ਨੂੰ ਚਰਾਇਆ, ਜਿਸ ਸਮੇਂ ਵੀ ਕਿਸੇ ਨੇ ਉਨ੍ਹਾਂ ਨੂੰ ਅਤਿਅੰਤ ਪ੍ਰੇਮ ਨਾਲ ਯਾਦ ਕੀਤਾ, ਉਥੇ ਆਪ ਤੁਰੰਤ ਪ੍ਰਗਟ ਹੋਏ। ਹੁਣ ਸਾਡੀ ਵਾਰੀ ਦੇਰ ਕਿਉਂ ਕਰ ਰਹੇ ਹੋ? ਗੁਰੂਜੀ ਜਲਦੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

## 'ਆਗਰਾ ਨਗਰ ਦੀ ਮਾਈ ਜੱਸੀ'

ਆਗਰਾ ਨਗਰ ਵਿਚ ਇੱਕ ਔਰਤ ਨਿਰ-ਸੰਤਾਨ ਸੀ। ਉਸਦੀ ਮੁਲਾਕਾਤ ਇੱਕ ਸਿੱਖ ਦੇ ਨਾਲ ਹੋ ਗਈ। ਉਸ ਸਿੱਖ ਨੇ ਔਰਤ ਨੂੰ ਵਿਸ਼ਵਾਸ਼ ਦਿਵਾਇਆ ਕਿ ਜੇ ਉਹ ਸੱਚੇ ਮਨ ਨਾਲ ਗੁਰੂਨਾਨਕ ਦੀ ਗੱਦੀ ਤੇ ਬਿਰਾਜਮਾਨ ਉਨ੍ਹਾਂ ਦੇ ਉਤਰਾਧਿਕਾਰੀ ਨੂੰ ਯਾਦ ਕਰੇਗੀ ਤਾਂ ਉਹ ਜ਼ਰੂਰ ਹੀ ਉਸ ਨੂੰ ਦਰਸ਼ਨ ਦੇਣਗੇ ਅਤੇ ਉਸਦੀ ਮਨੋਕਾਮਨਾ ਪੂਰੀ ਕਰਨਗੇ। ਬੱਸ ਫਿਰ ਕੀ ਸੀ? ਇਸ ਔਰਤ ਨੇ, ਜਿਸ ਦਾ ਨਾਮ ਜੱਸੀ ਸੀ, ਪੂਰੀ ਸ਼ਰਧਾ ਨਾਲ ਮੰਨਤ ਮੰਗੀ ਕਿ ਜੇ ਗੁਰੂਨਾਨਕ ਜੀ ਦੇ ਉਤਰਾਧਿਕਾਰੀ ਉਸ ਨੂੰ ਦਰਸ਼ਨ ਦੇਣ ਆਏ ਤਾਂ ਮੈਂ ਉਨ੍ਹਾਂ ਨੂੰ ਆਪਣੇ ਹੱਥਾਂ ਨਾਲ ਤਿਆਰ ਕੀਤਾ ਹੋਇਆ ਕੁੜਤਾ ਪਹਿਨਾਏਗੀ ਅਤੇ ਉਨ੍ਹਾਂ ਦੀ ਸੇਵਾ ਵਿਚ ਕੋਈ ਕਸਰ ਨਹੀਂ ਰਹਿਣ ਦੇਣੇਗੀ।

ਜੱਸੀ ਨੇ ਦਿਨ-ਰਾਤ ਪੂਣੀਆਂ ਕੱਤ ਕੇ, ਸੂਤ ਕੱਤਿਆ ਅਤੇ ਫਿਰ ਖੱਦਰ ਦਾ ਇੱਕ ਥਾਨ ਤਿਆਰ ਕਰ ਲਿਆ। ਹੁਣ ਉਸਦੇ ਸਾਹਮਣੇ ਸਮੱਸਿਆ ਇਹ ਸੀ ਕਿ ਕੁੜਤੇ ਦਾ ਨਾਪ ਕੀ ਹੋਵੇ ਕਿਉਂਕਿ ਉਸਨੇ ਤਾਂ ਗੁਰੂਦੇਵ ਜੀ ਨੂੰ ਕਦੇ ਵੇਖਿਆ ਵੀ ਨਹੀਂ ਸੀ। ਇਸ ਲਈ ਉਸ ਨੇ ਸੋਚਿਆ, ਕਿਉਂ ਨਾ ਮੈਂ ਸਾਰਾ 'ਥਾਨ' ਹੀ ਉਨ੍ਹਾਂ ਨੂੰ ਅਰਪਿਤ ਕਰ ਦੇਵਾਂ। ਹੌਲੀ ਹੌਲੀ ਸਮਾਂ ਲੰਘਦਾ ਗਿਆ ਜੱਸੀ ਪ੍ਰੇਮ ਦੀ ਲਗਨ ਵਿਚ ਰੁਝੀ ਉਸੇ ਥਾਨ ਨਾਲ ਮੋਹ ਕਰ ਬੈਠੀ ਅਤੇ ਉਸੇ ਦੀ ਪੂਜਾ ਕਰਨ ਲੱਗੀ, ਉਹ ਬ੍ਰਿਹਾ ਵਿਚ ਹੰਝੂਆਂ ਭਰੀਆਂ ਅੱਖਾਂ ਨਾਲ ਕਹਿੰਦੀ ਕਿ ਇਹ ਮੇਰੇ ਗੁਰੂਦੇਵ ਜੀ ਦੇ ਲਈ ਹੈ, ਨਾ ਜਾਣਾਂ ਕਦੋਂ ਆਉਣਗੇ? ਇਸ ਤਰ੍ਹਾਂ ਉਹ ਵੈਰਾਗ ਵਿਚ ਲੀਨ ਹੁੰਦੀ ਗਈ, ਮਨ (ਹਿਰਦੇ) ਦੀ ਵੇਦਨਾ ਜਦ ਗੁਰੂਦੇਵ ਤੱਕ ਪਹੁੰਚੀ ਤਾਂ ਪ੍ਰੇਮ ਦੇ ਬੰਧਨ ਵਿਚ ਬੱਝੇ ਉਹ ਆਗਰਾ ਖਿਚੇ ਚਲੇ ਆਏ।

ਮਾਤਾ ਜੱਸੀ ਨੇ ਉਹ ਅਮੁੱਲ ਸੁਗਾਤ (ਤੋਹਫਾ) (ਭੇਟਾ) ਜਿਹੜੀ ਉਸਨੇ ਬੜੀ ਮਿਹਨਤ ਅਤੇ ਸ਼ਰਧਾ ਨਾਲ ਤਿਆਰ ਕੀਤੀ ਸੀ, ਖੱਦਰ ਦਾ ਥਾਨ ਗੁਰੂਦੇਵ ਦੇ ਚਰਨਾ ਵਿਚ ਅਰਪਿਤ ਕਰ ਦਿੱਤਾ। ਭੇਟਾ ਸਵੀਕਾਰ ਕਰਦੇ ਹੋਏ ਸ੍ਰੀ ਗੁਰੂਤੇਗ ਬਹਾਦਰ ਜੀ ਨੇ ਮਾਤਾ ਜੱਸੀ ਨੂੰ ਪੁਛਿਆ-ਸੰਤਾਨ ਪ੍ਰਾਪਤੀ ਦੇ ਪਿਛੇ ਉਸਦਾ ਮੁੱਖ ਉਦੇਸ਼ ਕੀ ਹੈ? ਤਦ ਮਾਈ

ਜੱਸੀ ਨੇ ਕਿਹਾ, ਹੇ ਗੁਰੁਦੇਵ! ਮੈਂ ਚਾਹੁੰਦੀ ਹਾਂ ਕਿ ਮੇਰਾ ਨਾਂ ਮੇਰੀ ਮੌਤ ਦੇ ਪਿਛੋ ਵੀ ਇਸ ਸੰਸਾਰ ਵਿਚ ਕਾਇਮ ਰਹੇ। ਉਸਦੀ ਅਸਲੀ ਇੱਛਾ ਜਾਣ ਕੇ ਗੁਰੁਦੇਵ ਨੇ ਫਰਮਾਇਆ-ਜਿਸਦਾ ਨਾਂ ਗੁਰੁਇਤਿਹਾਸ ਨਾਲ ਜੁੜ ਜਾਂਦਾ ਹੈ, ਉਹ ਅਮਰ ਹੋ ਜਾਂਦਾ ਹੈ। ਤੁਸੀ ਜਿਥੇ ਬੈਠ ਕੇ ਅਰਾਧਨਾ ਕੀਤੀ ਹੈ, ਉਹ ਸਥਾਨ ਪਵਿੱਤਰ ਹੋ ਗਿਆ ਹੈ। ਆਉਣ ਵਾਲੇ ਸਮੇਂ ਵਿਚ ਉਹ ਗੁਰੁਧਾਮ ਅਖਵਾਏਗਾ। ਅਤੇ ਤੇਰਾ ਨਾਂ ਅਮਰ ਰਹੇਗਾ, ਜਦੋਂ ਤੱਕ ਅਸਮਾਨ ਵਿਚ ਤਾਰੇ ਰਹਿਣਗੇ। ਤੇਰੇ ਨਾਮ ਦੇ ਲੰਗਰ (ਭੰਡਾਰੇ) ਚਲਦੇ ਰਹਿਣਗੇ। ਇਸ ਤਰ੍ਹਾਂ ਤੇਰਾ ਨਾਮ ਚਿਰੰਜੀਵੀ ਰਹੇਗਾ।

## ਇਲਾਹਾਬਾਦ (ਪ੍ਰਯਾਗ)

ਸ੍ਰੀ ਗੁਰੁਤੇਗ ਬਹਾਦਰ ਸਾਹਿਬ ਆਪਣੇ ਕਾਫਲੇ ਸਮੇਤ ਆਗਰਾ, ਇਟਾਵਾ, ਕਾਨ੍ਹਪੁਰ ਹੁੰਦੇ ਹੋਏ ਪ੍ਰਯਾਗ (ਇਲਾਹਾਬਾਦ) ਪਹੁੰਚੇ। ਆਪ ਜੀ ਦਾ ਉਦੇਸ਼ ਤਾਂ ਆਲੇ-ਦੁਆਲੇ ਦੇ ਇਲਾਕੇ ਦੇ ਆਮ ਲੋਕਾਂ ਨੂੰ ਮਿਲਕੇ ਗੁਰੂਨਾਨਕ ਦੇਵ ਜੀ ਦੇ ਸਿਧਾਂਤ (ਗੁਰਮਤਿ) ਦ੍ਰਿੜ ਕਰਵਾਉਣਾ ਸੀ। ਆਪ ਜੀ ਨੇ ਸਾਰੇ ਦਰਸ਼ਨ ਕਰਨ ਵਾਲੇ ਸਥਾਨ ਵੇਖੇ ਅਤੇ ਤ੍ਰਿਵੇਣੀ ਘਾਟ ਆਦਿ ਸਥਾਨਾਂ ਤੇ ਕਈ ਯਾਤਰੀਆਂ ਅਤੇ ਸ਼ਰਧਾਲੂਆਂ ਨੂੰ ਮਿਲੇ। ਸਾਰਿਆਂ ਦੀ ਰਾਇ ਸੀ ਕਿ ਆਪ ਕੁਝ ਦਿਨ ਉਥੇ ਰੁਕੋ, ਕੁੰਭ ਮੇਲੇ ਵਿਚ ਕੁਝ ਦਿਨ ਹੀ ਬਾਕੀ ਸਨ। ਉਨ੍ਹਾਂ ਦਿਨ੍ਹਾਂ ਵਿਚ ਦੂਰ-ਦੁਰੇਡੇ ਤੋਂ ਜਨਤਾ ਮੇਲੇ ਵਿਚ ਆਉਂਦੀ ਹੈ। ਇਸ ਤਰ੍ਹਾਂ ਉਸ ਸਮੇਂ ਜਨਤਾ ਨਾਲ ਸਿੱਧਾ ਸੰਪਰਕ ਆਸਾਨੀ ਨਾਲ ਸਫਲਤਾ ਪੂਰਵਕ ਹੋ ਸਕੇਗਾ।

ਆਪ ਜੀ ਨੇ ਭਗਤਾਂ ਦੇ ਸੁਝਾਅ ਦੇ ਅਨੁਸਾਰ 'ਆਹੀਰ' ਮੁੱਹਲੇ ਦੀ ਇੱਕ ਹਵੇਲੀ ਵਿਚ ਆਪਣਾ ਨਿਵਾਸ ਸਥਾਨ ਬਣਾਇਆ। ਇਥੇ ਆਪ ਜੀ ਨੂੰ ਆਪ ਜੀ ਦੀ ਮਾਤਾ ਨਾਨਕੀ ਜੀ ਨੇ ਸ਼ੁੱਭ ਸੰਕੇਤ ਸੁਣਾਇਆ ਕਿ ਉਨ੍ਹਾਂ ਦੀ ਪਤਨੀ ਸ੍ਰੀ ਮਤੀ ਗੁੱਜਰ ਕੌਰ ਜੀ ਦੇ ਪੈਰ ਭਾਰੀ ਹਨ ਅਰਥਾਤ ਗੁਰੁਜੀ ਪਿਤਾ ਬਣਨ ਵਾਲੇ ਹਨ। ਇਸ ਸੰਕੇਤ ਦੇ ਮਿਲਣ ਤੇ ਗੁਰੁਦੇਵ ਜੀ ਨੇ ਆਮ ਜਨਤਾ ਲਈ ਲੰਗਰ ਲਾ ਦਿੱਤਾ। ਜਿਉਂ ਹੀ ਆਪ ਜੀ ਦੀ ਮਹਿਮਾ ਚਾਰੇ ਪਾਸੇ ਫੈਲੀ, ਦੂਰ-ਦੂਰ ਤੋਂ ਜਗਿਆਸੂਆਪ ਜੀ ਤੋਂ ਅਧਿਆਤਮਕ ਉਲਝਣਾਂ ਦਾ ਹੱਲ ਜਾਨਣ ਲਈ ਆਉਂਦੇ। ਆਪ ਜੀ ਹਰ ਰੋਜ਼ ਦਰਬਾਰ ਸਜਾਉਂਦੇ ਅਤੇ ਉਥੇ ਆਪਣੇ ਪ੍ਰਵਚਨਾਂ ਰਾਹੀ ਆਪ ਜਨਤਾ ਨੂੰ ਸੁਨੇਹਾ ਦੇਦੇ ਕਿ ਸਾਨੂੰ ਆਪਣੇ ਸਵਾਸਾਂ ਦੀ ਪੂੰਜੀ ਨੂੰ ਬਹੁਤ ਧਿਆਨ ਨਾਲ ਵਰਤਣਾ ਚਾਹੀਦਾ ਹੈ, ਕਿਤੇ ਵਿਅਰਥ ਨਾ ਚਲੀ ਜਾਏ।

ਆਪ ਜੀ ਦਾ ਕਥਨ ਹੈ-

**ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥**

**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ਰਹਾਉ॥**

**ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥**

**ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥**

**ਅਜਹੂ ਕਛੁ ਬਿਗਰਿਓ ਨਹੀਂ ਜੋ ਪ੍ਰਭ ਗੁਨ ਗਾਵੈ ॥**

**ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥** (ਅੰਗ-726)

ਇਸ ਤਰ੍ਹਾਂ ਆਪ ਜੀ ਆਮ ਲੋਕਾਂ ਵਿਚ ਹਰਮਨ ਪਿਆਰੇ ਹੁੰਦੇ ਗਏ। ਉਥੇ ਆਪ ਜੀ ਛੇ ਮਹੀਨੇ ਠਹਿਰ ਕੇ ਫਿਰ ਆਪਣੇ ਪ੍ਰੋਗਰਾਮ ਅਨੁਸਾਰ ਬਿਹਾਰ ਵੱਲ ਚੱਲ ਪਏ।

## 'ਲਾ-ਇਲਾਜ ਕੁਸ਼ਟ ਰੋਗੀ ਦਾ ਰੋਗ ਨਿਵਾਰਣ'

ਕਾਂਸ਼ੀ ਨਗਰ ਵਿਚ ਗੁਰੂਦਰਬਾਰ ਸਜਿਆ ਹੋਇਆ ਸੀ। ਭਾਈ ਮਸੂਦ, ਭਾਈ ਬਹਿਲ ਭਾਈ ਹਰਬਖਸ਼ ਅਤੇ ਭਾਈ ਗੁਲਾਬ ਨਾਂ ਦੇ ਸੇਵਕ ਹਰੀ-ਕੀਰਤਨ ਕਰ ਰਹੇ ਸਨ। ਉਨ੍ਹਾਂ ਦੇ ਮਧੁਰ ਸੰਗੀਤ ਨੂੰ ਸੁਣ ਕੇ ਇੱਕ ਕੁਸ਼ਟ ਰੋਗੀ ਡਿਗਦਾ-ਢਹਿੰਦਾ ਸਤਿਸੰਗ ਆ ਪਹੁੰਚਿਆ। ਉਸਨੇ ਸੀਸ ਝੁਕਾ ਕੇ ਗੁਰੂਦੇਵ ਜੀ ਨੂੰ ਪ੍ਰਣਾਮ ਕੀਤਾ ਅਤੇ ਗੁਰਬਾਣੀ ਸੁਣਨ ਲੱਗਾ। ਜਦੋਂ ਸ਼ਬਦ ਦੀ ਸਮਾਪਤੀ ਹੋਈ ਤਾਂ ਉਹ ਹੌਂਸਲਾ ਕਰਕੇ ਅੱਗੇ ਵਧਿਆ ਅਤੇ ਸ੍ਰੀ ਗੁਰੂਤੇਗ ਬਹਾਦਰ ਸਾਹਿਬ ਜੀ ਦੇ ਅੱਗੇ ਪ੍ਰਾਰਥਨਾ ਕਰਨ ਲੱਗਾ ਹੇ ਗੁਰੂਦੇਵ! ਲਾਇਲਾਜ ਰੋਗ ਦੇ ਕਾਰਨ ਮੈਂ ਪਰੇਸ਼ਾਨ ਹਾਂ। ਮੇਰੇ ਰਿਸ਼ਤੇਦਾਰ, ਘਰਵਾਲੇ ਅਤੇ ਮਿੱਤਰ ਮੇਰੇ ਪਰਛਾਵੇ ਤੋਂ ਵੀ ਨਫਰਤ ਕਰਦੇ ਹਨ। ਮੈਂ ਨਗਰ ਦੇ ਬਾਹਰ ਟੁੱਟੇ-ਫੁੱਟੇ ਛੱਪਰ ਦਾ ਆਸਰਾ ਲੈ ਕੇ ਦਿਨ ਕੱਟ ਰਿਹਾ ਹਾਂ। ਜ਼ਿਆਦਾ ਤਰ ਰਾਤਾਂ ਤਾਂ ਮੇਰੀਆਂ ਕਸ਼ਟ ਵਿਚ ਹੀ ਲੰਘਦੀਆਂ ਹਨ। ਦਰਦ ਮੇਰੇ ਤੋਂ ਸਹਿਣ ਨਹੀਂ ਹੁੰਦੀ। ਕਦੇ ਕਿਸੇ ਨੂੰ ਦਇਆ-ਆ ਜਾਵੇ ਤਾਂ ਰੁੱਖੀ-ਸੁੱਖੀ ਰੋਟੀ ਮੇਰੇ ਅੱਗੇ ਸੁੱਟ ਜਾਂਦਾ ਹੈ, ਨਹੀਂ ਤਾਂ ਭੁੱਖੇ ਹੀ ਰਹਿਣਾ ਪੈਂਦਾ ਹੈ, ਹੇ ਦੀਨਾ ਨਾਥ। ਇਸ ਅਨਾਥ ਉਪਰ ਵੀ ਦਇਆ ਕਰੋ।

ਸ੍ਰੀ ਗੁਰੂਤੇਗ ਬਹਾਦਰ ਸਾਹਿਬ, ਉਸ ਕੁਸ਼ਟ ਰੋਗੀ ਦੀ ਦਰਦ ਭਰੀ ਦਾਸਤਾਨ ਸੁਣ ਕੇ ਪਸੀਜ ਗਏ। ਉਨ੍ਹਾਂ ਨੇ ਕੀਰਤਨੀਆਂ ਨਾਲ ਰਲ ਕੇ ਰਾਗ ਮਾਰੂਵਿਚ ਇੱਕ ਨਵੇਂ 'ਪਦ' ਦੀ ਰਚਨਾ ਕੀਤੀ ਅਤੇ ਮਧੁਰ ਆਵਾਜ਼ ਵਿਚ ਗਾ ਕੇ ਉਸ ਕੁਸ਼ਟ ਰੋਗੀ ਨੂੰ ਵਿਸ਼ੇਸ਼ ਰੂਪ ਵਿਚ ਸੁਣਾਇਆ।

**ਹਰਿ ਕੋ ਨਾਮ ਸਦਾ ਸੁਖਦਾਈ ॥**

**ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਕਾ ਹੂ ਗਤਿ ਪਾਈ ॥ਰਹਾਉ।**

**ਪੰਚਾਲੀ ਕਉ ਰਾਜ ਸਭਾ ਮੈਂ ਰਾਮ ਨਾਮ ਸੁਧਿ ਆਈ ॥**

**ਤਾ ਕੋ ਦੂਖ ਹਰਿਓ ਕਰੁਨਾ ਮੈ ਅਪਨੀ ਪੈਜ ਬਢਾਈ ॥1 ॥**

**ਜਿਹ ਨਰਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥**

**ਕਹੁ ਨਾਨਕ ਮੈਂ ਇਹੀ ਭਰੋਸੈ ਗਹੀ ਆਨ ਸਰਨਾਈ ॥**

ਗੁਰੂਜੀ ਦੇ ਇਸ 'ਪਦ' ਦੇ ਗਹੀਂ ਕੁਸ਼ਟ ਰੋਗੀ ਨੂੰ ਸਮਝਾਇਆ ਕਿ ਅਜਿਹੇ ਹਾਲਾਤਾਂ ਵਿਚ ਇਕੋ-ਇਕ ਉਸ ਪਰਮਾਤਮਾ ਦਾ ਹੀ ਆਸਰਾ ਹੁੰਦਾ ਹੈ। ਉਹ ਸ਼ਕਤੀ ਆਪਣੇ ਭਗਤਾਂ ਦਾ ਦੁੱਖ ਨਿਵਾਰਣ ਕਰਦੀ ਆਈ ਹੈ, ਇਸ ਲਈ ਪ੍ਰਭੂਦੇ ਨਾਮ ਤੋਂ ਵਧ ਕੇ ਹੋਰ ਕੋਈ ਦਵਾਈ ਹੈ ਹੀ ਨਹੀਂ। ਉਸ ਕੋਹੜੀ ਨੂੰ ਅਜਿਹਾ ਪ੍ਰਤੀਤ ਹੋਇਆ ਜਿਵੇਂ 'ਪਦ' ਦਾ ਇਕ-ਇਕ ਸ਼ਬਦ ਉਸਦੇ ਜ਼ਖਮਾਂ ਤੇ ਮਲ੍ਹਮ ਦਾ ਕੰਮ ਕਰ ਰਿਹਾ ਸੀ।

ਸਤਿਸੰਗ ਦੀ ਸਮਾਪਤੀ ਤੇ ਗੁਰੂਦੇਵ ਜੀ ਕੁਸ਼ਟ ਰੋਗੀ ਨੂੰ ਆਪਣੇ ਕੋਲ ਹੀ ਰਖ ਲਿਆ। ਕੁਝ ਦਿਨ ਉਸਦਾ ਇਲਾਜ ਕੀਤਾ ਅਤੇ ਉਸ ਨੂੰ ਨਾਮ ਦੀ ਮਹਿਮਾ ਦਸੀ। ਜਦੋਂ ਉਹ ਪੂਰਨ ਰੂਪ ਵਿਚ ਨਿਰੋਗ ਹੋ ਗਿਆ ਤਾਂ ਗੁਰੂਜੀ ਨੇ ਉਸ

ਨੂੰ ਕੁਝ ਧਨ ਦਿੱਤਾ ਅਤੇ ਕਿਹਾ ਕਿ ਹੁਣ ਤੁਸੀ ਮਿਹਨਤ ਕਰਕੇ ਆਪਣਾ ਜੀਵਨ ਬਤੀਤ ਕਰੋ। ਤੰਦਰੁਸਤ ਹੋਏ ਉਸ ਵਿਅਕਤੀ ਦੇ ਨੇਤਰਾਂ ਵਿਚੋਂ ਪ੍ਰੇਮ ਦੇ ਹੰਝੂ ਵਹਿ ਤੁਰੇ ਅਤੇ ਉਹ ਵਾਰ-ਵਾਰ ਗੁਰੂਜੀ ਦਾ ਧੰਨਵਾਦ ਕਰਨ ਲੱਗਾ।

## 'ਗੁਰੂਚਰਨਾਂ ਵਿਚ ਗੰਗਾ'

ਸਭ ਤੋਂ ਪਹਿਲਾ ਸ੍ਰੀ ਗੁਰੂਨਾਨਕ ਦੇਵ ਜੀ ਨੇ ਬਨਾਰਸ ਵਿਖੇ ਸਿੱਖੀ ਦਾ ਬੀਜ ਬੀਜਿਆ ਸੀ। ਉਸ਼ਦੇ ਬਾਅਦ ਸ੍ਰੀ ਗੁਰੂਹਰਿ ਗੋਬਿੰਦ ਜੀ ਦੇ ਸਮੇਂ ਭਾਈ ਗੁਰਦਾਸ ਜੀ ਇਥੋਂ ਦੀ ਸੰਗਤ ਵਿਚ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ। ਜਿਨ੍ਹਾਂ ਦਿਨ੍ਹਾਂ ਵਿਚ ਸ੍ਰੀ ਗੁਰੂਤੇਗ ਬਹਾਦਰ ਜੀ ਉਥੇ ਪਹੁੰਚੇ ਤਾਂ ਉਥੋਂ ਦੇ ਲੋਕਾਂ ਵਿਚ ਸ੍ਰੀ ਜਵੇਹਿਰੀ ਮੱਲ, ਕ੍ਰਿਪਾਲ ਦਾਸ, ਕਲਿਆਣ ਮੱਲ ਆਦਿ ਸਿੱਖ ਉਥੋ ਦੀਆਂ ਧਰਮਸ਼ਾਲਾਣਾਂ ਵਿਚ ਪ੍ਰਮੁੱਖ ਵਿਅਕਤੀ ਸਨ। ਆਪ ਸਭ ਨੇ ਗੁਰੂਜੀ ਦਾ ਸ਼ਾਨਦਾਰ ਸੁਆਗਤ ਕੀਤਾ। ਆਪ ਜੀ ਨੂੰ 'ਰੇਸ਼ਮ' ਮੁੱਹਲੇ ਵਿਚ ਠਹਿਰਾਇਆ ਗਿਆ। ਜਿਉਂ ਹੀ ਉਥੋਂ ਦੀ ਸੰਗਤ ਨੂੰ ਨੌਵੇਂ ਗੁਰੂਨਾਨਕ ਜੀ ਦੇ ਉਥੇ ਪਹੁੰਚਣ ਦਾ ਪਤਾ ਲਗਿਆ, ਅਪਾਰ ਜਨ-ਸਮੂਹ ਆਪ ਜੀ ਦੇ ਦਰਸਨਾਂ ਲਈ ਉਮੱੜ ਪਿਆ। ਸਥਾਨਕ ਮਸੰਦਾ (ਮਿਸ਼ਨਰੀ) ਨੇ ਦਸਵੰਧ ਦੀ ਰਕਮ ਜਿਹੜੀ ਉਨ੍ਹਾਂ ਨੇ ਸ਼ਰਧਾਲੂ ਸਿੱਖਾਂ ਤੋਂ ਇਕੱਠੀ ਕੀਤੀ ਹੋਈ ਸੀ, ਉਹ ਗੁਰੂਜੀ ਦੇ ਅੱਗੇ ਲਿਆ ਕੇ ਰੱਖ ਦਿੱਤੀ। ਗੁਰੂਜੀ ਨੇ ਤੁਰੰਤ ਲੰਗਰ ਚਲਾਉਣ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਦੋਵੇ ਵੇਲੇ ਗੁਰੂਦਰਬਾਰ ਸੱਜਣ ਲੱਗਾ। ਗੁਰੂਦੇਵ ਸੰਗਤ ਦੀਆਂ ਮੁਸਕਲਾਂ ਸੁਣਦੇ ਅਤੇ ਆਪਣੇ ਪ੍ਰਵਚਨਾਂ ਵਿਚ ਉਨ੍ਹਾਂ ਦਾ ਹੱਲ ਦਸਦੇ। ਉਨ੍ਹਾਂ ਦਾ ਕਥਨ ਹੁੰਦਾ-ਪ੍ਰਭੂਚਿੰਤਨ-ਮਨਨ ਹੀ ਸਾਰੀਆਂ ਸਮਸਿਆਵਾਂ ਦਾ ਹੱਲ ਹੈ।

ਆਪ ਜੀ ਉਹਨਾਂ ਦਿਨ੍ਹਾਂ ਵਿਚ ਸਥਾਨਕ ਪ੍ਰਚਾਰਕ ਜਵੇਹਿਰੀ ਮੱਲ ਦੇ ਕੋਲ ਰੁੱਕੇ ਹੋਏ ਸਨ। ਸ੍ਰੀ ਜਵੇਹਿਰੀ ਮੱਲ ਜੀ ਹਰ ਰੋਜ਼ ਸਵੇਰੇ-ਸਵੇਰੇ ਗੰਗਾ-ਇਸ਼ਨਾਨ ਨੂੰ ਜਾਇਆ ਕਰਦੇ ਸਨ, ਜਦ ਕਿ ਦੂਜੇ ਸਾਰੇ ਮੈਂਬਰ ਖੂਹ ਦੇ ਪਾਣੀ ਨਾਲ ਇਸ਼ਨਾਨ ਕਰ ਲੈਂਦੇ ਸਨ। ਇੱਕ ਦਿਨ ਜਦੋਂ ਉਹ ਘਾਟ ਤੇਂ ਇਸ਼ਨਾਨ ਕਰਨ ਲਈ ਚਲਣ ਲੱਗੇ ਤਾਂ ਗੁਰੂਦੇਵ ਜੀ ਨੇ ਉਨ੍ਹਾਂ ਦੇ ਮਨ ਵਿਚ ਵੱਸੇ ਭਰਮ ਨੂੰ ਕੱਢਣ ਲਈ ਕਹਿ ਦਿੱਤਾ ਕਿ ਸਿੱਖ ਗੰਗਾ ਦੇ ਕੋਲ ਨਹੀਂ ਜਾਂਦੇ, ਬਲਕਿ ਗੰਗਾ ਖੁਦ ਨੂੰ ਖਿੱਚ ਕੇ ਗੁਰੂਭਗਤਾਂ ਦੇ ਚਰਨਾਂ ਵਿਚ ਆਪ ਪਹੁੰਚ ਜਾਂਦੀ ਹੈ। ਤਦ ਜਵੇਹਿਰੀ ਮੱਲ ਜੀ ਨੇ ਕਿਹਾ, ਹੇ ਗੁਰੂਦੇਵ! ਮੈਂ ਕੁਝ ਸਮਝਿਆ ਨਹੀਂ। ਜੁਆਬ ਵਿਚ ਗੁਰੂਦੇਵ ਜੀ ਨੇ ਕਿਹਾ, ਆਪ ਆਪਣੇ ਪੈਰ ਦੇ ਹੇਠਾਂ ਦੀ ਸਿੱਲ ਉਠਾਓ ਤਾਂ, ਗੁਰੂਜੀ ਦਾ ਬਚਨ ਮੰਨ ਕੇ ਸ੍ਰੀ ਜਵੇਹਿਰੀ ਮੱਲ ਜੀ ਨੇ ਜੀਉਂ ਹੀ ਪੈਰ ਦੇ ਹੇਠਾ ਦੀ ਸਿੱਲ ਉਖਾੜੀ, ਉਸੇ ਸਮੇਂ ਹੀ ਉਥੋ ਇਕ ਝਰਨਾ ਪੂਰੇ ਵੇਗ ਨਾਲ ਫੁੱਟ ਕੇ ਵਹਿ ਨਿਕਲਿਆ, ਸਾਰੇ ਹੈਰਾਨ ਰਹਿ ਗਏ। ਗੁਰੂਦੇਵ ਜੀ ਨੇ ਕਿਹਾ, ਲਓ ਇਹੀ ਗੰਗਾ ਜਲ ਹੈ। ਹੁਣ ਇਸ ਵਿਚ ਡੁਬਕੀ ਲਾ ਲਓ। ਪ੍ਰਭੂ, ਦਾ ਚਿੰਤਨ-ਮਨਣ ਜਿੱਥੇ ਹੁੰਦਾ ਹੈ, ਉਹ ਸਥਾਨ ਪਵਿੱਤਰ ਹੁੰਦਾ ਹੈ, ਇਸ ਲਈ ਤੁਹਾਡੇ ਘਰ ਵਿਚ ਗੰਗਾ ਦਾ ਆਗਮਨ ਵੀ ਇਸੇ ਕਾਰਣ ਹੋਇਆ ਹੈ। ਜਦ ਪਾਣੀ ਵਹਿਣ ਲੱਗਾ ਤਾਂ ਸਾਰਾ ਘਰ ਅਤੇ ਸਾਗ ਮੁਹੱਲਾ ਭਰ ਗਿਆ ਤਾਂ ਕਈ ਸਿੱਖ ਘਬਰਾ ਗਏ, ਉਨ੍ਹਾਂ ਨੇ ਕਿਹਾ, ਸੱਚੇ ਪਾਤਸ਼ਾਹ! ਇਸ ਤਰ੍ਹਾਂ ਤਾਂ ਸਾਰਾ ਸ਼ਹਿਰ ਡੁੱਬ ਜਾਵੇਗਾ, ਇਸ ਨੂੰ ਰੋਕਣ ਦਾ ਕੋਈ ਉਪਾਅ ਤਾਂ ਕਰੋ ਜੀ।

ਗੁਰੂਜੀ ਨੇ ਕਿਹਾ, ਸਤਿਸੰਗ ਦੇ ਸਥਾਨ ਦੇ ਜਲ ਨਾਲ ਕਿਸੇ ਦੀ ਹਾਨੀ ਨਹੀਂ ਹੋਇਆ ਕਰਦੀ। ਡੁੱਬਦੇ ਤਾਂ ਉਹ ਸਥਾਨ ਹਨ, ਜਿਥੇ ਬੁਰੇ ਆਚਰਨ ਵਾਲੇ ਲੋਕ ਰਹਿੰਦੇ ਹਨ। ਇਹ ਤਾਂ ਪ੍ਰਭੂਭਗਤੀ ਦੀ ਜਗ੍ਹਾਂ ਹੈ, ਇਸ ਲਈ ਇਹ ਖੂਬ ਵਧੇ-ਫੁਲੇਗੀ।

ਗੁਰੂਜੀ ਦੇ ਆਦੇਸ਼ ਤੇ ਉਸ ਸਿੱਲ ਨੂੰ ਦੁਬਾਰਾ ਉਸੇ ਸਥਾਨ ਤੇ ਰੱਖ ਦਿੱਤਾ ਗਿਆ ਤਾ ਪਾਣੀ ਦਾ ਵਹਨਾ ਥੰਮ੍ਹ ਗਿਆ। ਗੁਰੂਦੇਵ ਜੀ ਨੇ ਸਾਰਿਆਂ ਨੂੰ ਸਮਝਾਇਆ ਕਿ 'ਗੁਰ ਸਮਾਨ ਤੀਰਥ ਨਹੀ ਕੋਇ' ਦੀ ਵਾਸਤਵਿਕਤਾ ਇਹੀ ਹੈ।

ਹੁਣ ਉਸੇ ਜਗ੍ਹਾ ਤੇ ਇੱਕ ਸਰੋਵਰ ਬਣਿਆ ਹੋਇਆ ਹੈ। ਮੰਨਿਆ ਜਾਂਦਾ ਹੈ ਕਿ ਨਿਸ਼ਠਾਵਾਨ ਲੋਕਾਂ ਦੇ ਰੋਗ ਇਸ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਦੂਰ ਹੋ ਜਾਂਦੇ ਹਨ।

ਹੁਣ ਇਸ ਸਥਾਨ ਨੂੰ ਗੁਰੂਦੁਆਰਾ 'ਵੱਡੀ ਸੰਗਤ' 'ਨੀਚੀ ਬਾਗ' ਕਹਿੰਦੇ ਹਨ।

## ਗਯਾ ਜੀ (ਬਿਹਾਰ)

ਸ੍ਰੀ ਗੁਰੂ ਤੇਗ ਬਹਾਦਰ ਜੀ ਬਨਾਰਸ ਤੋਂ ਅੱਗੇ ਵਧਦੇ ਹੋਏ ਗਯਾ ਜੀ ਪਹੁੰਚੇ। ਉਥੋਂ ਦੇ ਪਾਡਿਆਂ ਨੇ ਉਨ੍ਹਾਂ ਨੂੰ ਕੋਈ ਅਮੀਰ ਵਿਅਕਤੀ ਸਮਝ ਕੇ ਘੇਰ ਲਿਆ ਅਤੇ ਕਿਹਾ-ਆਪ ਆਪਣੇ ਪੁਰਖਿਆਂ ਦੇ ਨਾਂ ਤੇ 'ਪਿੰਡਦਾਨ' ਕਰਵਾਓ, ਗੁਰੂਦੇਵ ਤਾਂ ਵਿਨੋਦੀ ਰੁਚੀ ਦੇ ਸਨ। ਇਸ ਲਈ ਉਨ੍ਹਾਂ ਨੇ ਪੁਛਿਆ ਕਿ ਇਨ੍ਹਾਂ ਆਟੇ ਦੇ ਗੋਲਿਆਂ ਨਾਲ ਕੀ ਹੋਵੇਗਾ? ਪਾਡਿਆਂ ਨੇ ਜੁਆਬ ਦਿੱਤਾ-ਉਨ੍ਹਾਂ ਦੇ ਬਜ਼ੁਰਗਾਂ ਦੀਆਂ ਮਰ ਚੁੱਕੀਆਂ ਆਤਮਾਵਾਂ ਨੂੰ ਸਵਰਗ ਲੋਕ ਪਹੁੰਚਣ ਦਾ ਰਸਤਾ ਮਿਲੇਗਾ ਅਤੇ ਉਹ ਜਨਮ ਮਰਨ ਦੇ ਚੱਕਰ ਤੋਂ ਛੁੱਟ ਜਾਣਗੇ। ਤਦ ਗੁਰੂਦੇਵ ਹੱਸ ਪਏ ਅਤੇ ਕਹਿਣ ਲੱਗੇ ਕਿ ਪੰਡਾ ਜੀ, ਆਪ ਜੀ ਦੇ ਕਹੇ ਅਨੁਸਾਰ ਤਾਂ ਮੁਕਤੀ ਬਹੁਤ ਸਹਿਜ ਅਤੇ ਸਸਤੀ ਹੀ ਮਿਲ ਸਕਦੀ ਹੈ, ਸਿਰਫ ਆਟੇ ਦੇ ਗੋਲੇ ਦਾਨ ਦੇਣ ਨਾਲ ਹੀ, ਇਸ ਦਾ ਭਾਵ ਇਹ ਹੋਇਆ ਕਿ ਚੰਗੇ ਧਰਮ-ਕਰਮ ਕਰਨ ਦਾ ਕੋਈ ਮਹੱਤਵ ਨਹੀਂ। ਨਾਮ ਸਿਮਰਨ ਦੀ ਜੀਵਨ ਵਿਚ ਕੋਈ ਲੋੜ ਨਹੀਂ? ਇਨ੍ਹਾਂ ਗੱਲਾਂ ਦਾ ਪਾਂਡਿਆ ਕੋਲ ਕੋਈ ਜੁਆਬ ਨਹੀ ਸੀ। ਜਿਉ ਹੀ ਉਨ੍ਹਾਂ ਨੂੰ ਪਤਾ ਲਗਿਆ ਕਿ ਉਹ ਪਰਾਕਰਮੀ ਪੁਰਸ਼, ਸ੍ਰੀ ਗੁਰੂਨਾਨਕ ਦੇਵ ਜੀ ਦੇ ਨੌਵੇਂ ਉਤਰਾਧਿਕਾਰੀ ਹਨ ਤਾਂ ਉਹ ਗੁਰੂਦੇਵ ਜੀ ਦੇ ਸਾਹਮਣੇ ਤੋਂ ਹੌਲੀ -ਹੌਲੀ ਖਿਸਕਣੇ ਸ਼ੁਰੂਹੋ ਗਏ। ਤਦ ਉਥੋਂ ਦੇ ਰਹਿਣ ਵਾਲੇ ਲੋਕਾਂ ਅਤੇ ਦੂਜੇ ਯਾਤਰੀਆਂ ਨੂੰ ਗੁਰੂਦੇਵ ਜੀ ਨੇ ਸੰਬੋਧਨ ਕਰਕੇ ਕਿਹਾ, ਪ੍ਰਭੂਨਾਮ ਦਾ ਚਿੰਤਨ -ਮਨਣ ਹੀ ਆਵਾਗਮਨ ਦੇ ਚੱਕਰ ਤੋਂ ਛੁਟਕਾਰਾ ਦਿਵਾਉਣ ਦਾ ਇਕੋ ਇੱਕ ਰਾਹ ਹੈ।

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥**

**ਮਾਇਆ ਕੋ ਸੰਗੁ ਤਿਆਗਿ ਪ੍ਰਭ ਜੂਕੀ ਸਰਨਿ ਲਾਗੁ ॥**

**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ।ਰਹਾਉ**

**ਸੁਪਨੇ ਜਿਉ ਧਨੁ ਪਛਾਨੁ ॥ਕਾਹੇ ਪਰਿ ਕਰਤ ਮਾਨੁ ॥**

**ਬਾਰੂਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥**

**ਨਾਨਕ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ ॥**

**ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥2 ॥** (ਅੰਗ-1352)

ਗੁਰੂਦੇਵ ਜੀ ਨੇ ਇਸ ਪਦ ਦੀ ਰਚਨਾ ਕਰਕੇ ਗਾਇਨ ਕੀਤਾ, ਜਿਸ ਨਾਲ ਆਮ ਲੋਕ ਸੰਤੁਸ਼ਟ ਹੋ ਕੇ ਉਨ੍ਹਾਂ ਦੇ ਚਰਨਾਂ ਵਿਚ ਆ ਬੈਠੇ। ਤਦ ਗੁਰੂਦੇਵ ਜੀ ਨੇ ਆਪਣੇ ਪ੍ਰਵਚਨਾਂ ਵਿਚ ਕਿਹਾ, ਸਵਰਗ, ਨਰਕ ਕੋਈ ਚੀਜ਼ ਨਹੀਂ ਹੈ। ਮਰਨ ਤੋਂ ਬਾਅਦ ਮਨੁੰਖ ਦਾ ਸਰੀਰ ਪੰਜ ਤੱਤਾਂ ਵਿਚ ਵਿਲੀਨ ਹੋ ਜਾਂਦਾ ਹੈ। ਮਾਨਵ ਦੀ ਦੇਹ ਆਕਾਸ਼, ਅੱਗ, ਜਲ, ਹਵਾ ਅਤੇ ਪ੍ਰਿਥਵੀ (ਧਰਤੀ) ਨਾਲ ਬਣਦੀ ਹੈ। ਜਦੋਂ ਸੁਆਸ ਨਿਕਲ ਜਾਂਦੇ ਹਨ ਤਾਂ ਇਹ ਤੱਤ ਦੁਬਾਰਾ ਇਨ੍ਹਾਂ ਹੀ ਤੱਤਾਂ ਵਿਚ ਲੁਪਤ ਹੋ ਜਾਂਦੇ ਹਨ। ਰਹੀ ਆਤਮਾ ਦੀ ਗੱਲ, ਉਹ ਨਾ ਮਰਦੀ ਹੈ ਅਤੇ ਨਾ ਜੰਮਦੀ ਹੈ। ਉਹ ਤਾਂ ਅਮਰ ਹੈ, ਨਾਸ਼ਵਾਨ ਨਹੀ ਇੱਕ ਸਰੀਰ ਤੋਂ ਨਿਕਲ ਕੇ ਝੱਟ ਹੀ ਉਹ ਦੂਜੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਮਨੁੰਖ ਤਾਂ ਆਪਣੇ ਕਰਮਾਂ ਦਾ ਫਲ ਹੀ ਇਸ ਧਰਤੀ ਤੇ ਭੋਗਦਾ ਹੈ। ਇਹ ਪ੍ਰਭੂ ਦੀ ਲੀਲਾ ਹੈ, ਜਿਸ ਨੂੰ ਕੋਈ ਬਦਲ ਨਹੀਂ ਸਕਦਾ।

ਸਾਡੇ ਬਜ਼ੁਰਗ ਤਾਂ ਗੁਰਬਾਣੀ ਪੜ੍ਹਨ-ਸੁਣਨ ਦੇ ਕਰਕੇ ਸਿੱਧੇ ਆਵਾਗਉਣ ਦੇ ਚੱਕਰ ਤੋਂ ਮੁਕਤੀ ਪਾ ਜਾਂਦੇ ਹਨ। ਗੁਰਮਤਿ, ਨਾਮ ਸਿਮਰਨ ਨੂੰ ਹੀ ਮੁਕਤੀ ਦਾ ਉਪਾਅ ਦੱਸਦੀ ਹੈ। ਤੁਸੀਂ ਵੀ ਪਾਖੰਡ ਤਿਆਗ ਕੇ ਅਜਿਹੀ ਸੱਚੀ ਮੁੱਕਤੀ ਦੇ ਸਾਧਨ ਅਪਨਾਓ।

## 'ਭਾਈ ਫੱਗੂ'

ਸ੍ਰੀ ਗੁਰੂਤੇਗ ਬਹਾਦਰ ਜੀ ਆਪਣੇ ਪ੍ਰਚਾਰ ਅਭਿਆਨ ਦੇ ਪ੍ਰੋਗਰਾਮ ਅਨੁਸਾਰ ਅੱਗੇ ਵਧਦੇ ਹੋਏ 'ਸਹਸਰਾਮ' ਨਗਰ ਪਹੁੰਚੇ। ਇਥੇ ਗੁਰੂਘਰ ਦਾ ਪੁਰਾਣਾ ਸੇਵਕ ਭਾਈ ਫੱਗੂ, ਮਸੰਦ (ਮਿਸ਼ਨਰੀ) ਰਹਿੰਦਾ ਸੀ। ਉਹ ਆਪਣੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਉਨ੍ਹਾਂ ਨੂੰ ਜਿਹੜਾ ਵੀ ਕੋਈ ਦਸਵੰਧ ਦੀ ਰਾਸ਼ੀ ਭੇਂਟ ਕਰਦਾ, ਉਹ ਉਸ ਧਨ ਨੂੰ ਇਕੱਠਾ ਕਰਕੇ ਗੁਰੂਦੇਵ ਜੀ ਦੇ ਦਰਬਾਰ ਵਿਚ ਪਹੁੰਚਾਉਣ ਦਾ ਪੂਰਾ ਪ੍ਰਯਤਨ ਕਰਦੇ ਸਨ, ਪਰ ਕਦੇ-ਕਦੇ ਅਜਿਹਾ ਵੀ ਵਾਪਰਦਾ ਕਿ ਉਨ੍ਹਾਂ ਦੇ ਕੋਲ ਕੋਈ ਗਰੀਬ ਜਾਂ ਮੁਹਤਾਜ ਆ ਜਾਂਦਾ ਤਾਂ ਉਹ ਉਸਦੀ ਲੋੜ ਪੂਰੀ ਕਰ ਦੇਂਦੇ। ਇਸ ਤਰ੍ਹਾਂ ਦਸਵੰਧ ਦਾ ਧਨ ਸਦ ਉਪਯੋਗ ਵਿਚ ਖਰਚ ਕਰ ਦੇਂਦੇ। ਉਹ ਆਪਣੇ ਇਲਾਕੇ ਵਿਚ ਬਹੁਤ ਹਰਮਨ ਪਿਆਰੇ ਸਨ। ਹਰ ਕੋਈ ਉਨ੍ਹਾਂ ਨੂੰ ਚਾਚਾ ਮੰਨਦਾ ਸੀ, ਉਹ ਵੀ ਹਰਇੱਕ ਵਿਅਕਤੀ ਦੇ ਨਿਜੀ ਕੰਮਾਂ ਵਿਚ ਵੀ ਉਸਦੀ ਸਹਾਇਤਾ ਕਰਦੇ ਸਨ, ਇਸ ਤਰ੍ਹਾਂ ਉਹ ਗੁਰੂਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ।

ਇੱਕ ਵਾਰ ਮੀਂਹ ਦੇ ਕਾਰਨ ਚਾਚਾ ਫੱਗੂ ਦਾ ਮਕਾਨ ਡਿੱਗ ਗਿਆ। ਚਾਚਾ ਫੱਗੂ ਜੀ ਨੇ ਦੁਬਾਰਾ ਉਸਾਰੀ ਕਾ ਕੰਮ ਕਰਨ ਸਮੇਂ ਆਪਣੇ ਮਕਾਨ ਦੇ ਵਿਹੜੇ ਨੂੰ ਇੱਕ ਬਹੁਤ ਵੱਡਾ ਦਰਵਾਜਾ ਲਗਵਾਇਆ ਅਤੇ ਵਿਹੜੇ ਦਾ ਖੇਤਰਫਲ ਵੀ ਪਹਿਲਾਂ ਨਾਲੋਂ ਕਈ ਗੁਣਾ ਵਧਾ ਲਿਆ। ਜਿਹੜਾ ਕੋਈ ਵੀ ਚਾਚਾ ਫੱਗੂ ਨੂੰ ਮਿਲਣ ਉਨ੍ਹਾਂ ਦੇ ਘਰ ਆਉਂਦਾ ਤਾਂ ਉਹ ਵੀ ਹੈਰਾਨੀ ਹੋ ਜਾਂਦਾ ਅਤੇ ਪੁੱਛਦਾ, ਚਾਚਾ ਜੀ, ਐਨਾ ਵੱਡਾ ਵਿਹੜਾ ਅਤੇ ਐਨੇ ਵੱਡੇ ਦਰਵਾਜੇ ਦੀ ਆਪ ਨੂੰ ਕੀ ਲੋੜ ਪੈ ਗਈ ਹੈ? ਜੁਆਬ ਵਿਚ ਚਾਚਾ ਜੀ ਹੱਸ ਕੇ ਕਹਿ ਦੇਂਦੇ-ਸਮਾਂ ਆਵੇਗਾ, ਤਦ ਤੁਸੀਂ ਸਭ ਕੁਝ ਜਾਣ ਜਾਵੋਗੇ।

ਸ੍ਰੀ ਗੁਰੂਤੇਗ ਬਹਾਦਰ ਜੀ ਆਪਣੇ ਕਾਫਲੇ ਦੇ ਰੱਥਾਂ, ਘੋੜ, ਊਠਾਂ ਸਮੇਤ ਯਾਤਰਾ ਕਰਦੇ ਹੋਏ ਚਾਚਾ ਫੱਗੂਜੀ ਨੂੰ ਮਿਲਣ ਲਈ ਸਹਸਰਾਮ ਨਗਰ (ਬਿਹਾਰ) ਪਹੁੰਚੇ। ਚਾਚਾ ਫੱਗੂਜੀ ਨੇ ਉਨ੍ਹਾਂ ਦਾ ਤਹਿ ਦਿਲੋਂ ਸੁਆਗਤ ਕੀਤਾ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਉਸਦੇ ਗ੍ਰਹਿ ਵਿਖੇ ਉਤਾਰਾ ਕਰਨ। ਉਥੇਂ ਹੀ ਆਪਣਾ (ਸ਼ਿਵਰ) ਤੰਬੂਲਗਾਉਣ। ਹੁਣ ਉਹ ਸਮਾਂ ਆ ਗਿਆ ਸੀ ਜਿਸ ਦੇ ਲਈ ਚਾਚਾ ਫੱਗੂਨੇ ਬਹੁਤ ਸਮਾਂ ਪਹਿਲਾਂ ਤਿਆਰੀ ਕਰ ਲਈ ਸੀ। ਉਥੋਂ ਦੇ ਲੋਕਾਂ ਨੇ ਵੇਖਿਆ ਕਿ ਗੁਰੂਦੇਵ ਜੀ ਦਾ ਕਾਫਲਾ ਉਸ ਵੱਡੇ ਦਰਵਾਜੇ ਤੋਂ ਸਿੱਧਾ ਅੰਦਰ ਚਲਾ ਗਿਆ ਅਤੇ ਉਨ੍ਹਾਂ ਨੂੰ ਤੰਬੂਲਗਾਉਣ ਵਿਚ ਵੀ ਕੋਈ ਮੁਸ਼ਕਲ ਨਹੀਂ ਆਈ। ਚਾਚਾ ਫੱਗੂਦੀ ਦੂਰਦ੍ਰਿਸਟੀ ਦੀ ਸਾਰਿਆਂ ਨੇ ਭਰਪੂਰ ਪ੍ਰਸ਼ੰਸਾ ਕੀਤੀ।

ਚਾਚਾ ਫੱਗੂਨੇ ਸੁਨੇਹਾ ਭੇਜ ਕੇ ਸਮੂਹ ਸੰਗਤ ਨੂੰ ਇੱਕਠੇ ਹੋਣ ਲਈ ਕਿਹਾ-ਚਾਚਾ ਫੱਗੂਦੇ ਵਿਹੜੇ ਵਿਚ ਗੁਰੂਦੇਵ ਦਾ ਦਰਬਾਰ ਸੱਜ ਗਿਆ। ਗੁਰੂਦੇਵ ਜੀ ਨੇ ਪ੍ਰਵਚਨ ਕੀਤੇ, ਉਸ ਤੋਂ ਬਾਅਦ ਕੀਰਤਨ ਕਰਨ ਵਾਲੇ ਜਥੇ ਨੇ ਉਸ ਰਚਨਾ ਨੂੰ ਗਾ ਕੇ ਸੰਗਤ ਨੂੰ ਕਿਤਾਰਥ ਕੀਤਾ:-

**ਸਾਧੋ ਗੋਬਿੰਦ ਕੇ ਗੁਨ ਗਾਵਉ ॥**

**ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥ ਰਹਾਉ ॥**

**ਪਤਤਿ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥**

**ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥1 ॥** (ਅੰਗ-219)

'ਦਿਵਾਨ ਦੀ ਸਮਾਪਤੀ ਤੇ ਚਾਚਾ ਫੱਗੂਕੇ ਸਾਰੇ ਗੁਰੂਸਿੱਖਾਂ ਦੀ ਭੇਂਟ ਕ੍ਰਮਵਾਰ ਪੇਸ਼ ਕੀਤੀ। ਗੁਰੂਦੇਵ ਨੇ ਜੁਆਬ ਵਿਚ ਸਾਰਿਆਂ ਦਿਆਂ ਮਨੋਕਾਮਨਾਵਾਂ ਪੂਰੀਆਂ ਹੋਣ ਦੀ ਅਸੀਸ ਦਿੱਤੀ। ਉਸ ਤੋਂ ਬਾਅਦ ਫੱਗੂਤੋਂ ਪੁਛਿਆ, ਕਿਸੇ ਹੋਰ ਦੀ ਭੇਂਟ ਰਹਿ ਗਈ ਹੋਵੇ ਤਾਂ ਉਹ ਦਸੋ। ਫੱਗੂਜੀ ਨੇ ਕਿਹਾ- ਹਜ਼ੂਰ ਜਿਥੋਂ ਤੱਕ ਮੈਨੂੰ ਯਾਦ ਹੈ, ਮੈਂ ਸਾਰਿਆਂ ਦੀਆਂ ਭੇਟਾਵਾਂ ਆਪ ਜੀ ਦੇ ਸਨਮੁੱਖ ਕਰ ਚੁੱਕਾ ਹਾਂ। ਤਦ ਗੁਰੂਦੇਵ ਜੀ ਨੇ ਕਿਹਾ-ਜ਼ਰਾ ਯਾਦ ਕਰੋ, ਇੱਕ ਮਾਤਾ ਨੇ ਕੁਝ ਵਿਸ਼ੇਸ਼ ਉਪਹਾਰ (ਤੋਹਫਾ) ਦਿੱਤੇ ਸਨ, ਜਿਹੜੇ ਤੁਸੀ ਇਥੇ ਲਿਆਉਣਾ ਭੁੱਲ ਗਏ ਹੋ। ਤਦ ਚਾਚਾ ਨੂੰ ਚੇਤੇ ਆਇਆ, ਹਾਂ ਗੁਰੂਦੇਵ। ਇੱਕ ਮਾਤਾ ਨੇ ਮੇਰੇ ਵਲੋਂ ਦਸਵੰਧ ਲਈ ਕਹਿਣ ਤੇ ਘਰ ਦੇ ਵਿਹੜੇ ਦਾ ਕੂੜਾ ਹੀ ਮੈਨੂੰ ਦੇ ਦਿੱਤਾ ਸੀ। ਉਹ ਮੈਂ ਬਹੁਤ ਸੰਭਾਲ ਕੇ ਰਖਿਆ ਹੋਇਆ ਹੈ। ਇਹ ਕਹਿ ਕੇ ਫੱਗੂਜੀ ਕਮਰੇ ਅੰਦਰੋਂ ਇੱਕ ਪੋਟਲੀ ਚੁੱਕ ਲਿਆਏ, ਜਿਸ ਵਿਚ ਉਹ ਕੂੜਾ ਸੀ। ਗੁਰੂਦੇਵ ਜੀ ਨੇ ਕੂੜਾ ਛਾਨਣ ਲਈ ਕਿਹਾ, ਉਸ ਵਿਚੋਂ ਇੱਕ ਬੇਰੀ ਦੀ ਗਿਟਕ ਨਿਕਲੀ, ਗੁਰੂਦੇਵ ਜੀ ਦੇ ਆਦੇਸ਼ ਤੇ ਉਸ ਗਿਟਕ ਨੂੰ ਉਥੇ ਹੀ ਵਿਹੜੇ ਵਿਚ ਬੀਜ ਦਿੱਤਾ ਗਿਆ। ਸਮਾਂ ਪਾ ਕੇ ਉਹ ਗਿਟਕ ਬੇਰੀ ਦੇ ਦਰੱਖਤ ਦੇ ਰੂਪ ਵਿਚ ਬਹੁਤ ਵਿਕਸਿਤ ਹੋਈ।

## 'ਗੁਰੂਪਰਿਵਾਰ ਪਟਨਾ ਨਗਰ ਵਿਚ'

ਸ੍ਰੀ ਗੁਰੂਤੇਗ ਬਹਾਦਰ ਜੀ ਆਪਣੀ ਪ੍ਰਚਾਰ ਮੁਹਿੰਮ ਦੇ ਅੰਤਰਗਤ ਇਲਾਹਾਬਾਦ ਦੋਂ ਮਿਰਜ਼ਾਪੁਰ, ਬਨਾਰਸ, ਗਯਾ ਜੀ ਹੁੰਦੇ ਹੋਏ ਪਟਨਾ (ਬਿਹਾਰ) ਵਿਖੇ ਪਧਾਰੇ। ਆਪ ਜੀ ਦੇ ਕਾਫਲੇ ਨੇ ਇੱਕ ਬਾਗ ਵਿਚ ਇਮਲੀ ਦੇ ਦਰੱਖਤ ਦੇ

ਨੇੜੇ ਆਪਣਾ ਤੰਬੂਲਾ ਲਿਆ। ਇਹ ਬਾਗ ਉਥੋਂ ਦੇ ਨਵਾਬ ਰਹੀਮਬਖਸ਼ ਅਤੇ ਕਰੀਮਬਖਸ਼ ਦਾ ਸੀ। ਗੁਰੂਦੇਵ ਜੀ ਦੇ ਚਰਨ ਪੈਂਦਿਆਂ ਹੀ ਇਸ ਉਜੜੇ ਹੋਏ ਬਾਗ ਵਿਚ ਰਹਿਆਲੀ। ਆ ਗਈ। ਇਹ ਗੱਲ ਪੂਰੇ ਪਟਨਾ ਨਗਰ ਵਿਚ ਫੈਲ ਗਈ। ਬਾਗ ਦੇ ਮਾਲਕ ਵੀ ਇਹ ਸਮਾਚਾਰ ਸੁਣ ਕੇ ਬੜੇ ਹੈਰਾਨ ਹੋਏ। ਦੋਵੇਂ ਭਰਾ ਆਪਣੀਆਂ ਆਪਣੀਆਂ ਬੇਗਮਾਂ ਨੂੰ ਲੈ ਕੇ ਗੁਰੂਦੇਵ ਜੀ ਨੂੰ ਮਿਲਣ ਲਈ ਇਮਲੀ  ਦੇ ਦਰੱਖਤ ਹੇਠਾਂ ਪਹੁੰਚੇ।

ਉਥੇ ਪਹੁੰਚ ਕੇ ਉਨ੍ਹਾਂ ਨੇ ਵੇਖਿਆ ਕਿ ਇੱਕ ਉੱਚੇ ਕੱਟ ਅਤੇ ਸੁਡੌਲ ਸਰੀਰ ਦੇ ਹੱਸਮੁੱਖ ਸੱਜਣ ਉਸ ਬਾਗ ਦਾ ਨਿਰੀਖਣ ਕਰ ਰਹੇ ਸਨ। ਰਹੀਮ-ਬਖਸ਼ ਅਤੇ ਕਰੀਮ ਬਖਸ਼ ਨੇ ਆਪਣੀਆਂ ਆਪਣੀਆਂ ਪਤਨੀਆਂ ਨਾਲ ਗੁਰੂਦੇਵ ਜੀ ਨੂੰ ਸਲਾਮ ਕੀਤਾ। ਜਦ ਗੁਰੂਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਪਛਿਆ ਕਿ ਇਹ ਬਾਗ ਕਿਸ ਦਾ ਹੈ ਤਾਂ ਉਨ੍ਹਾਂ ਨੇ ਜੁਆਬ ਦਿੱਤਾ ਕਿ ਹਜ਼ੂਰ। ਇਹ ਆਪ ਜੀ ਦਾ ਹੀ ਹੈ।

ਗੁਰੂਦੇਵ ਜੀ ਨੇ ਤਿੰਨ ਵਾਰ ਇਹ ਪ੍ਰਸ਼ਨ ਦੁਹਰਾਇਆ ਅਤੇ ਹਰ ਵਾਰ ਉਨ੍ਹਾਂ ਦੋਹਾਂ ਭਰਾਵਾਂ ਨੇ ਉਹੀ ਨਪਿਆ-ਤੁਲਿਆ ਜੁਆਬ ਦਿੱਤਾ। ਤਦ ਗੁਰੂਜੀ ਨੇ ਬਾਗ ਦੇ ਚਾਰੇ ਪਾਸੇ ਕੰਧ ਬਣਵਾਉਣ ਦੇ ਲਈ ਕਿਹਾ- ਇਹ ਕੰਮ ਉਨ੍ਹਾਂ ਨੇ ਪੂਰਾ ਕਰਵਾ ਦਿੱਤਾ। ਸਮਾਂ ਪਾ ਕੇ ਇਥੇ ਇੱਕ ਗੁਰੂਧਾਮ ਦੀ ਸਥਾਪਨਾ ਹੋਈ, ਜਿਸ ਦਾ ਨਾਂ ਗੁਰਦੁਆਰਾ 'ਗੁਰੂਦਾ ਬਾਗ' ਹੈ।

ਪਟਨਾ ਨਗਰ ਦਾ ਇੱਕ ਅਮੀਰ ਵਿਅਕਤੀ 'ਭਾਈ ਜਗਤਾ' ਨੂੰ ਜਦ ਸ੍ਰੀ ਗੁਰੂਤੇਗ ਬਹਾਦਰ ਸਾਹਿਬ ਦੇ ਆਗਮਨ ਦੀ ਸੂਚਨਾ ਮਿਲੀ ਤਾਂ ਉਹ ਉਨ੍ਹਾਂ ਨੂੰ ਆਪਣੀ ਹਵੇਲੀ ਵਿਚ ਆਉਣ ਲਈ ਸੱਦਾ ਦੇਣ ਲਈ ਪਹੁੰਚਿਆ। ਇਸ ਪਰਿਵਾਰ ਨੇ ਗੁਰੂਨਾਨਕ ਕਾਲ ਤੋਂ ਸਿੱਖੀ ਧਾਰਨ ਕੀਤੀ ਹੋਈ ਸੀ। ਗੁਰੂਦੇਵ ਨੇ ਭਾਈ 'ਜਗਤਾ ਸੇਠ' ਦਾ ਸੱਦਾ ਸਵੀਕਾਰ ਕਰ ਲਿਆ। ਭਾਈ ਜਗਤਾ ਸੇਠ ਨੇ ਗੁਰੂਪਰਿਵਾਰ ਦਾ ਆਪਣੀ ਹਵੇਲੀ ਵਿਚ ਸ਼ਾਨਦਾਰ ਸੁਆਗਤ ਕੀਤਾ। ਜਗਤਾ ਸੇਠ ਗੁਰੂਨਾਨਕ ਦੇਵ ਜੀ ਦੁਆਰ ਦ੍ਰਿੜ ਕਰਵਾਏ ਉਨ੍ਹਾਂ ਦੇ ਤਿੰਨ੍ਹਾਂ ਸਿਧਾਂਤਾਂ ਨੂੰ ਰੋਜ਼ਾਨਾ ਜੀਵਨ ਵਿਚ ਬਹੁਤ ਚੰਗੀ ਤਰ੍ਹਾਂ ਪਾਲਣਾ ਕਰਦਾ ਸੀ, "ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ"। ਇਹ ਸਿਧਾਂਤ ਉਸਨੇ ਜੀਵਨ ਦੇ ਅੰਗ ਦੇ ਰੂਪ ਵਿਚ ਅਪਨਾ ਰਖੇ ਸਨ। ਇਸ ਤਰ੍ਹਾਂ ਉਹ ਸੇਠ ਹੁੰਦਾ ਹੋਇਆ ਵੀ ਸਧਾਰਨ ਮਜ਼ਦੂਰ ਦੀ ਤਰ੍ਹਾਂ ਜੀਵਨ ਵਿਅਤੀਤ ਕਰਦਾ ਸੀ, ਉਸਨੇ ਕਦੇ ਧਨ ਦਾ ਹੰਕਾਰ ਨਹੀਂ ਕੀਤਾ ਸੀ।

ਭਾਈ ਜਗਤਾ ਜੀ ਦੀ ਹਵੇਲੀ ਵਿਖੇ ਹੁਣ ਧੂਮ-ਧਾਮ ਰਹਿਣ ਲੱਗੀ। ਭਾਈ ਜਗਤਾ ਸੇਠ ਦੀ ਹਵੇਲੀ 'ਆਲਮਗੰਜ' ਵਿਖੇ ਗੁਰੂਦੇਵ ਜੀ ਹਰ ਰੋਜ਼ ਦੀਵਾਨ ਸਜਾਉਣ ਲੱਗੇ, ਕੁਝ ਹੀ ਦਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਸੰਗਤ ਇੱਕਤਰ ਹੋਣ ਲੱਗੀ। ਭਾਈ ਜਗਤਾ ਜੀ ਨੇ ਗੁਰੂਦੇਵ ਨੂੰ ਦਸਵੰਧ ਦੀ ਰਕਮ ਭੇਂਟ ਕੀਤੀ। ਗੁਰੂਦੇਵ ਜੀ ਨੇ ਤੁਰੰਤ ਉਸ ਨੂੰ ਲੰਗਰ ਚਲਾਉਣ ਲਈ ਕਿਹਾ, ਸੰਗਤਾਂ ਦਾ ਇੱਕਠ ਦਿਨ-ਬਦਿਨ ਵਧਣ ਲਗਾ, ਇਸ ਲਈ ਗੁਰੂਦੇਵ ਜੀ ਨੇ ਹਵੇਲੀ 'ਵੈਸਾਖੀ ਰਾਮ' ਵਿਚ ਨਿਵਾਸ ਕਰ ਲਿਆ, ਇਹ ਸਥਾਨ ਵੱਡਾ ਅਤੇ ਸੁਰੱਖਿਅਤ ਸੀ।

ਇਨ੍ਹਾਂ ਦਿਨਾਂ ਵਿਚ ਢਾਕੇ (ਬੰਗਾਲ) ਤੋਂ ਮਹੰਤ ਬੁਲਾਕੀ ਦਾਸ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ। ਉਸ ਨੇ ਆਪਣੇ ਨਗਰ ਨਿਵਾਸੀਆਂ ਵਲੋਂ ਬੇਨਤੀ ਕੀਤੀ ਕਿ ਹੇ ਗੁਰੂਦੇਵ! ਆਪ ਜੀ ਪ੍ਰਚਾਰ ਦੌਰੇ ਤੇ ਹੋ, ਕ੍ਰਿਪਾ ਕਰਕੇ ਸਾਡੇ ਨਗਰ ਚਰਨ ਪਾਓ। ਉਥੇ ਰਹਿਣ ਵਾਲੀ ਸੰਗਤ ਗੁਰੂਨਾਨਕ ਦੇਵ ਜੀ ਦੇ ਉਤਰਾਧਿਕਾਰੀ ਨੂੰ ਮਿਲਣਾ ਚਾਹੁੰਦੀ ਹੈ। ਸ੍ਰੀ

ਗੁਰੂਤੇਗ ਬਹਾਦਰ ਸਾਹਿਬ ਨੇ ਉਸਦਾ ਸੱਦਾ ਸਵੀਕਾਰ ਕਰ ਲਿਆ, ਪਰ ਉਨ੍ਹਾਂ ਦੇ ਸਾਹਮਣੇ ਵਰਖਾ ਰੁੱਤ ਵਿਚ ਯਾਤਰਾ ਕਰਨੀ ਇੱਕ ਸਮੱਸਿਆ ਸੀ, ਇਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਵਰਖਾ ਰੁੱਤ ਸਮਾਪਤ ਹੋਣ ਦੇ ਬਾਅਦ ਹੀ ਯਾਤਰਾ ਸ਼ੁਰੂਕਰਨਗੇ।

ਜਦੋਂ ਸ੍ਰੀ ਗੁਰੂਤੇਗ ਬਹਾਦਰ ਜੀ ਦੇ ਢਾਕਾ ਚਾਲੇ ਪਾਉਣ ਦਾ ਸਮਾਂ ਨੇੜੇ ਆਇਆ ਤਾ ਮਾਤਾ ਨਾਨਕੀ ਜੀ ਨੇ ਪ੍ਰਸਤਾਵ ਰਖਿਆ ਕਿ ਕੁਝ ਮਹੀਨੇ ਹੋਰ ਠਹਿਰ ਜਾਓ ਤਾਂ ਸੰਤਾਨ ਦਾ ਚਿਹਰਾ ਦੇਖਣ ਦਾ ਮੌਕਾ ਮਿਲ ਸਕਦਾ ਹੈ, ਪਰ ਗੁਰੂਦੇਵ ਜੀ ਨੇ ਉਤਰ ਦਿੱਤਾ ਕਿ ਸਾਡਾ ਉਦੇਸ਼ ਸੰਗਤ ਨੂੰ ਕ੍ਰਿਤਾਰਥ ਕਰਨਾ ਹੈ ਨਾ ਕਿ ਵਿਅਕਤੀਗਤ ਖੁਸ਼ੀਆਂ ਲਈ ਸਮਾਂ ਨਸ਼ਟ ਕਰਨਾ।ਉਨ੍ਹਾਂ ਨੇ ਪਰਿਵਾਰ ਨੂੰ ਉਥੋਂ ਦੀ ਸੰਗਤ ਦੇ ਸਾਥ ਤੇ ਨਿਗਰਾਨੀ ਵਿਚ ਛੱਡ ਦਿੱਤਾ।

ਆਪਨੇ ਅਕਤੂਬਰ, 1666 ਈਸਵੀ ਨੂੰ ਢਾਕਾ ਨਗਰ ਦੇ ਲਈ ਬੁਲਾਕੀ ਦਾਸ ਮਹੰਤ ਦੀ ਪ੍ਰੇਰਨਾ ਨਾਲ ਚਾਲੇ ਪਾ ਦਿੱਤੇ, ਰਾਹ ਵਿਚ ਆਪ ਜੀ ਗੰਗਾ ਕਿਨਾਰ ਮੁੰਧੀਰ ਨਗਰ ਵਿਚ ਠਹਿਰੇ ਅਤੇ ਉਥੋਂ ਦੀ ਸੰਗਤ ਨੂੰ ਗੁਰੂਨਾਨਕ ਦੇਵ ਜੀ ਦੇ ਸਹਿਜ ਅਤੇ ਸਰਲ ਸਿਧਾਤਾਂ ਤੋਂ ਜਾਣੂਕਰਵਾਇਆ।ਉਸ ਤੋਂ ਬਾਅਦ ਭਾਗਲਪੁਰ, ਸਾਹਿਬ ਗੰਗ, ਰਾਜ ਮਹਿਲ ਅਤੇ ਮਾਲਦਾ ਆਦਿ ਨਗਰਾਂ ਦੀ ਸੰਗਤ ਨਾਲ ਭੇਂਟ ਕਰਦੇ ਹੋਏ ਮੁਰਸ਼ਦਾਬਾਦ ਜਾ ਬਿਰਾਜਮਾਨ ਹੋਏ, ਇਥੇ ਆਪ ਜੀ ਉਥੋਂ ਦੀ ਸੰਗਤ ਦੀ ਬੇਨਤੀ ਤੇ ਕੁਝ ਦਿਨ ਠਹਿਰੇ ਅਤੇ ਅੰਤ ਵਿਚ ਢਾਕਾ ਨਗਰ ਪਹੁੰਚੇ।ਇਹ ਆਪ ਜੀ ਦੀ ਮੰਜ਼ਿਲ ਸੀ।

## 'ਢਾਕਾ'

ਸ੍ਰੀ ਗੁਰੂਤੇਗ ਬਹਾਦਰ ਸਾਹਿਬ ਜੀ ਮਹੰਤ ਬੁਲਾਕੀ ਦਾਸ ਦੇ ਸੱਦੇ ਤੇ ਉਸਦੇ ਨਾਲ ਪਟਨਾ ਤੋਂ ਢਾਕੇ ਪਹੁੰਚੇ।ਉਥੋਂ ਦੀ ਸੰਗਤ ਨੇ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ।ਉਨ੍ਹੀਂ ਦਿਨੀ ਉਥੇ ਸ੍ਰੀ ਗੁਰੂਨਾਨਕ ਦੇਵ ਜੀ ਦੀ ਯਾਦ ਵਿਚ ਇਕ ਆਲੀਸ਼ਾਨ ਸਮਾਰਕ ਸੀ, ਜਿਥੇ ਹਰ ਰੋਜ਼ ਸਤਿਸੰਗ ਹੋਇਆ ਕਰਦਾ ਸੀ। ਜਿਉਂ ਹੀ ਉਸ ਇਲਾਕੇ ਦੇ ਨਿਵਾਸੀਆਂ ਨੂੰ ਪਤਾ ਲੱਗਾ ਕਿ ਨੌਂਵੇ ਗੁਰੂਨਾਨਕ ਜੀ ਪਧਾਰੇ ਹਨ ਤਾਂ ਗੁਰੂਦੇਵ ਜੀ ਦੇ ਦਰਸ਼ਨਾਂ ਲਈ ਅਪਾਰ ਜਨ-ਸਮੂਹ ਉਮੜ ਪਿਆ। ਸਾਰੇ ਲੋਕ ਆਪਣੀ ਸ਼ਰਧਾ ਅਨੁਸਾਰ ਸਮਰੱਥ ਗੁਰੂਦੇਵ ਜੀ ਨੂੰ ਆਪਣੇ ਦਸਵੰਧ ਦੀ ਰਾਸ਼ੀ ਭੇਂਟ ਕਰਨ ਲਈ ਪਹੁੰਚੇ।ਗੁਰੂਦੇਵ ਜੀ ਨੇ ਉਹ ਸਾਰਾ ਧਨ ਜਨਤਾ ਦੇ ਭਲੇ ਲਈ ਲੋਕ ਭਲਾਈ ਦੇ ਕੰਮਾਂ ਵਿਚ ਖਰਚ ਕਰਨ ਦਾ ਆਦੇਸ਼ ਦਿੱਤਾ।ਗੁਰੂਘਰ ਦੀ ਮਰਯਾਦਾ ਅਨੁਸਾਰ ਲੰਗਰ ਪ੍ਰਥਾ ਸ਼ੁਰੂਕਰ ਦਿੱਤੀ ਗਈ।ਭੰਡਾਰਾ ਸ਼ੁਰੂਹੋਣ ਨਾਲ ਦਰਸ਼ਨ ਕਰਨ ਆਈ ਸੰਗਤ ਨੂੰ ਸਹੂਲਤਾਂ ਮਿਲਦਿਆਂ ਹੀ ਪੂਰੇ ਪ੍ਰਦੇਸ਼ ਤੋਂ ਨਾਨਕ ਪੰਥੀਆਂ ਦਾ ਵੱਡਾ ਇੱਕਠ ਹਰ ਸਮੇਂ ਇਥੇ ਰਹਿਣ ਲੱਗਾ। ਇਸ ਸਭ ਨੂੰ ਵੇਖ ਕੇ ਗੁਰੂਦੇਵ ਜੀ ਕਹਿ ਉਠੇ- "ਮਮ ਸਿੱਖੀ ਕਾ ਕੋਠਾ ਢਾਕਾ" ਅਰਥਾਤ ਢਾਕਾ ਮੇਰੇ ਸਿੱਖ ਪ੍ਰੇਮੀਆਂ ਦਾ ਗੜ੍ਹ ਹੈ।

ਇਹਨੀਂ ਦਿਨੀ ਸਾਮਰਾਜਵਾਦੀ ਔਰੰਗਜੇਬ ਨੇ ਨਰੇਸ਼ ਰਾਮ ਸਿੰਘ ਜੈਪੁਰੀਆ ਨੂੰ ਮੁਗਲ ਸੈਨਾ-ਨਾਇਕ ਬਣਾ ਕੇ ਆਸਾਮ (ਕਾਮਰੂਪ) ਪ੍ਰਦੇਸ਼ ਦੇ ਨਰੇਸ਼ ਚੱਕਰਧਵਜ ਤੇ ਹਮਲਾ ਕਰਨ ਲਈ ਭੇਜਿਆ ।ਰਾਜਾ ਚੱਕਰਧਵਜ ਅਹੋਮ ਜਾਤੀ (ਕਬੀਲੇ) ਨਾਲ ਸੰਬੰਧ ਰਖਦਾ ਸੀ। ਇਸ ਨੇ ਪੁਰਾਣੀ ਸੰਧੀ ਰੱਦ ਕਰਕੇ ਆਪਣੇ ਆਪ ਨੂੰ ਆਜ਼ਾਦ ਰਾਜਾ ਹੋਣ ਦਾ

ਐਲਾਨ ਕਰ ਦਿੱਤਾ ਸੀ ਅਤੇ ਉਸਨੇ ਮਹੱਤਵਾਕਾਂਸ਼ੀ (ਵੱਡਾ ਬਣਨ ਦੀ ਇੱਛਾ ਰਖਣ ਵਾਲਾ) ਔਰੰਗਜੇਬ ਦੀ ਨੀਂਦ ਹਰਾਮ ਕਰ ਰੱਖੀ ਸੀ।

ਰਾਜਾ ਰਾਮ ਸਿੰਘ ਜੈਪੁਰੀਆ ਆਸਾਮ ਦੇ ਲਈ ਚਲ ਤਾਂ ਪਿਆ, ਪਰ ਉਸ ਨੂੰ ਆਸਾਮ ਦੇ ਬਾਰੇ ਵਿਚ ਅਜਿਹੀਆਂ ਸੂਚਨਾਵਾਂ ਮਿਲੀਆਂ ਸਨ ਕਿ ਉਥੋਂ ਦੀਆਂ ਜਾਦੂਗਰਨੀਆਂ ਦੇ ਅੰਤਾਕ ਤੋਂ ਸਾਰੇ ਭੈ-ਭੀਤ ਸਨ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਹ ਪਲਕ ਝਪਕਦੇ ਹੀ ਆਪਣੀਆਂ ਚਮਤਕਾਰੀ ਸ਼ਕਤੀਆਂ ਨਾਲ ਵੱਡੀਆਂ-ਵੱਡੀਆਂ ਸੈਨਾਵਾ ਦਾ ਵੀ ਵਿਨਾਸ਼ ਕਰ ਦੇਂਦੀਆਂ ਹਨ। ਦੂਜਾ ਉਸ ਇਲਾਕੇ ਦਾ ਜਲਵਾਯੂਬੜਾ ਖਰਾਬ ਸੀ, ਜਿਸ ਨਾਲ ਤਰ੍ਹਾਂ-ਤਰ੍ਹਾਂ ਦੇ ਰੋਗ ਫੈਲ ਜਾਂਦੇ ਸਨ। ਅਜਿਹੇ ਹਾਲਾਤਾਂ ਵਿਚ ਉਸ ਨੂੰ ਇੱਕ ਹੀ ਸਹਾਰਾ ਦਿਖਾਈ ਦਿੱਤਾ, ਉਹ ਸ੍ਰੀ ਗੁਰੁਨਾਨਕ ਦੇਵ ਜੀ ਦੇ ਉਤਰਾਧਿਕਾਰੀ ਨੌਵੇਂ ਗੁਰੂਤੇਗ ਬਹਾਦਰ ਰਾਜਾ ਜੈ ਸਿੰਘ ਗੁਰੂਘਰ ਦਾ ਬਹੁਤ ਵੱਡਾ ਸ਼ਰਧਾਲੂਸੀ। ਇਸ ਲਈ ਉਸ ਦੇ ਪੁੱਤਰ ਰਾਜਾ ਰਾਮ ਸਿੰਘ ਨੇ ਵੀ ਉਸੇ ਵਿਸ਼ਵਾਸ਼ ਨਾਲ ਗੁਰੂਜੀ ਦੀ ਸ਼ਰਨ ਲੈਣ ਦੇ ਵਿਚਾਰ ਨਾਲ ਪਤਾ ਕੀਤਾ ਕਿ ਇਨ੍ਹਾਂ ਦਿਨਾਂ ਵਿਚ ਗੁਰੂਤੇਗ ਬਹਾਦਰ ਸਾਹਿਬ ਕਿਥੇ ਹਨ? ਜਦੋਂ ਉਸ ਨੂੰ ਪਤਾ ਲੱਗਾ ਕਿ ਉਹ ਤਾਂ ਇਨ੍ਹਾਂ ਦਿਨਾਂ ਵਿਚ ਪਟਨਾ ਵਿਖੇ ਪ੍ਰਚਾਰ ਅਭਿਆਨ (ਮੁਹਿੰਮ) ਤੇ ਗਏ ਹੋਏ ਹਨ ਤਾਂ ਉਹ ਬਹੁਤ ਹੀ ਪ੍ਰਸੰਨ ਹੋਇਆ। ਪਰ ਪਟਨਾ ਨਗਰ ਪਹੁੰਚਣ ਤੇ ਉਸ ਨੂੰ ਪਤਾ ਲੱਗਾ ਕਿ ਗੁਰੁਦੇਵ ਜੀ ਤਾਂ ਢਾਕਾ ਨਗਰ ਦੀ ਸੰਗਤ ਦੇ ਸੱਦੇ ਤੇ ਉਥੇ ਗਏ ਹੋਏ ਹਨ। ਰਾਜਾ ਰਾਮ ਸਿੰਘ ਨੇ ਗੁਰੂਦੇਵ ਦੀ ਸ਼ਰਨ ਲੈਣੀ ਜ਼ਰੂਰੀ ਸਮਝੀ। ਉਸ ਨੇ ਸੈਨਾ ਨੂੰਆਸਾਮ ਭੇਜਦ ਦਿੱਤਾ ਪਰ ਖੁਦ ਗੁਰੂਦੇਵ ਜੀ ਨੂੰ ਮਿਲਣ ਢਾਕਾ ਪਹੁੰਚਿਆ। ਢਾਕੇ ਦੇ ਰਾਜਪਾਲ ਸ਼ਾਇਸਤਾ ਖਾਂ ਨੇ ਉਸਦਾ ਸ਼ਾਹੀ ਸੁਆਗਤ ਕੀਤਾ। ਉਹ ਵਿਸ਼ੇਸ਼ ਉਪਹਾਰ (ਤੋਹਫੇ) ਲੈ ਕੇ ਸ੍ਰੀ ਗੁਰੂਤੇਗ ਬਹਾਦਰ ਜੀ ਦੇ ਸਨੁੱਮੁੱਖ ਹਾਜ਼ਰ ਹੋਇਆ। ਗੁਰੂਦੇਵ ਜੀ ਨੇ ਉਸ ਨੂੰ ਹੌਂਸਲਾ ਦਿੱਤਾ ਅਤੇ ਕਿਹਾ, ਪ੍ਰਭੂਨਾਮ ਦੀ ਅਲੌਕਿਕ ਸ਼ਕਤੀ ਦੇ ਸਾਹਮਣੇ ਕੋਈ ਜਾਦੂ-ਟੂਣ ਨਹੀਂ ਟਿੱਕ ਸਕਦਾ। ਆਪਣੇ ਇਸ ਕਥਨ ਦੀ ਪੁਸ਼ਟੀ ਵਿਚ ਆਸਾਮ ਵੱਲ ਲੈ ਕੇ ਚੱਲ ਪਏ। ਉਨ੍ਹਾਂ ਨੇ ਕਾਮਰੂਪ (ਆਸਾਮ) ਵਿਚ ਬ੍ਰਹਮਪੁਤਰ ਨਦੀ ਦੇ ਤੱਟ ਤੇ 'ਧੁਬੜੀ' ਨਾਮਕ ਸਥਾਨ ਤੇ ਆਪਣਾ ਤੰਬੂਲਗਾਇਆ।

ਇਹਨੀਂ ਦਿਨੀਂ ਸ੍ਰੀ ਗੁਰੂਤੇਗ ਬਹਾਦਰ ਨੂੰ ਪਟਨਾ ਨਗਰ ਤੋਂ ਇਹ ਸ਼ੁੱਭ ਸੁਨੇਹਾ ਮਿਲਿਆ ਕਿ ਉਹ ਇੱਕ ਪੁੱਤਰ ਦੇ ਪਿਤਾ ਬਣ ਗਏ ਹਨ। ਇਸ ਸ਼ੁੱਭ ਸਮਾਚਾਰ ਨਾਲ ਸਮੂਹ ਸੰਗਤ ਵਿਚ ਪ੍ਰਸੰਨਤਾ ਦੀ ਲਹਿਰ ਦੌੜ ਗਈ। ਗੁਰੂਦੇਵ ਜੀ ਨੇ ਪ੍ਰਭੂਦਾ ਧੰਨਵਾਦ ਕਰਨ ਲਈ ਅਰਦਾਸ ਕੀਤੀ ਅਤੇ ਪ੍ਰਸ਼ਾਦ ਵੰਡਿਆ। ਉਨ੍ਹਾਂ ਨੇ ਸ਼ੁਭ ਸਮਾਚਾਰ ਲਿਆਉਣ ਵਾਲੇ ਵਿਅਕਤੀ ਨੂੰ ਇੱਕ ਚਿੱਠੀ ਦਿੱਤੀ, ਜਿਸ ਵਿਚ ਮਾਤਾ ਨਾਨਕੀ ਜੀ ਨੂੰ ਸੁਨੇਹਾ ਸੀ ਕਿ ਉਹ ਬਾਲਕ ਦਾ ਨਾਂ ਗੋਬਿੰਦ ਰਾਇ ਰੱਖਣ ਅਤੇ ਉਸਦੇ ਪਾਲਣ ਪੋਸ਼ਣ ਵੱਲ ਵਿਸ਼ੇਸ਼ ਧਿਆਨ ਦੇਣ ਕਿਉਂਕਿ ਉਨ੍ਹਾਂ ਦੇ ਵਾਪਸ ਪਹੁੰਚਣ ਵਿਚ ਦੇਰ ਹੋ ਜਾਵੇਗੀ।

ਰਾਜਾ ਰਾਮ ਸਿੰਘ ਨੇ 'ਧੁਬੜੀ' ਤੋਂ ਲਗਭਗ 10 ਕੋਹ ਦੀ ਦੂਰੀ ਤੇ ਰੰਗਮਤੀ ਨਾਮਕ ਸਥਾਨ ਤੇ ਆਪਣਾ ਡੇਰਾ ਲਾ ਲਿਆ। ਵਾਮਪੰਥੀ ਚੱਕਰਧਵਜ਼ ਨੇ ਮੁਗਲ ਸੈਨਾਵਾਂ ਦੇ ਆਉਣ ਦਾ ਸਮਾਚਾਰ ਸੁਣ ਕੇ ਗੋਲਪਾੜਾ ਦੇ ਸਾਰੇ ਜਾਦੂਗਰਾਂ ਅਤੇ ਜਾਦੂਗਰਨੀਆਂ ਨੂੰ ਇਕੱਠਾ ਕਰ ਲਿਆ। ਚੱਕਰਧਵਜ਼ ਨੂੰ ਸ੍ਰੀ ਗੁਰੂਤੇਗ ਬਹਾਦਰ ਜੀ ਦੇ ਆਗਮਨ ਅਤੇ ਉਨ੍ਹਾਂ ਪਰਾਕਰਮੀ ਸ਼ਕਤੀ ਦੇ ਸਮਾਚਾਰ ਮਿਲ ਚੁੱਕੇ ਸਨ। ਫਿਰ ਵੀ ਉਸਨੇ ਗੋਲਪਾੜਾ ਇਲਾਕੇ ਦੀ ਜਾਦੂਗਰਨੀ

ਧੋਬਣ ਦੇਵ ਮਾਇਆ ਅਤੇ ਉਸਦੇ ਸਹਾਇਕ ਨਗੀਨਾ ਦੇ ਮਾਇਆ ਰੂਪੀ ਪ੍ਰਭਾਵ ਦੀ ਧੌਂਸ ਵਿਚ ਕਿਸੇ ਦੀ ਚਿੰਤਾ ਨਹੀਂ ਕੀਤੀ। ਇਨ੍ਹਾਂ ਜਾਦੂਗਰਾਂ ਨੇ ਬ੍ਰਹਮਪੁੱਤਰ ਨਦੀ ਦਾ ਵਹਾਅ ਬਦਲ ਦਿੱਤਾ। ਪਰ ਗੁਰੂਦੇਵ ਜੀ ਦਾ ਆਦੇਸ਼ ਪ੍ਰਾਪਤ ਹੁੰਦੇ ਹੀ ਰਾਜਾ ਰਾਮ ਸਿੰਘ ਨੇ ਆਪਣੇ ਸਿਪਾਹੀਆਂ ਨੂੰ ਪਿਛੇ ਹਟਾ ਲਿਆ, ਇਸ ਤਰ੍ਹਾਂ ਉਨ੍ਹਾਂ ਸਾਰਿਆਂ ਦੀ ਜਾਨ ਬਚ ਗਈ। ਪਰੰਤੂਕੁਝ ਅੜੀਅਲ ਮੁਗਲ ਸੈਨਿਕ ਡਟੇ ਰਹਿਣਾ ਚਾਹੁੰਦੇਸਨ, ਉਹੀ ਸੈਨਿਕ ਬ੍ਰਹਮਪੁਤਰ ਨਦੀ ਦੀ ਹੜ੍ਹ ਵਿਚ ਰੁੜ੍ਹ ਗਏ। ਇੱਕ-ਦੋ ਦਿਨ ਦੇ ਯੁੱਧ ਦੇ ਬਾਅਦ ਕਾਮਰੂਪ ਦੇ ਸ਼ਾਸਕ ਚੱਕਰਧਵਜ਼ ਨੂੰ ਅਹਿਸਾਸ ਹੋ ਗਿਆ ਕਿ ਉਸ ਦੀ ਮਾਇਆ ਰੂਪੀ ਜਾਦੂਮਈ ਸ਼ਕਤੀ ਹੁਣ ਗੁਰੂਜੀ ਦੇ ਅਧਿਆਤਮਕ ਬਲ ਦੇ ਸਾਹਮਣੇ ਟਿਕ ਨਹੀਂ ਸਕਦੀ ਤਾਂ ਉਹ ਆਪਣੀ ਮਾਤਾ ਨੂੰ ਨਾਲ ਲੈ ਕੇ ਗੁਰੂਦੇਵ ਜੀ ਦੀ ਸੇਵਾ ਵਿਚ ਹਾਜਰ ਹੋਇਆ। ਗੁਰੂਜੀ ਨੇ ਰਾਜਾ ਰਾਮ ਸਿੰਘ ਨੂੰ ਵੀ ਉਥੇ ਹੀ ਬੁਲਾ ਲਿਆ ਅਤੇ ਦੋਹਾਂ ਵਿਚ ਸਮਝੋਤਾਂ ਕਰਵਾ ਦਿੱਤਾ। ਇਸ ਤਰ੍ਹਾਂ ਸ੍ਰੀ ਗੁਰੂਤੇਗ ਬਹਾਦਰ ਜੀ ਦੀ ਅਗਵਾਈ ਵਿਚ ਵਿਚਾਰ-ਵਟਾਂਦਰਾ ਕਰਕੇ ਝਗੜੇ ਸੁਲਝਾ ਲਏ ਗਏ। ਫਿਰ ਇਕ ਨਵੇਂ ਮਸੌਦੇ ਦੇ ਅੰਤਰਗਤ ਨਵੀਂ ਸੰਧੀ ਤੇ ਦੋਹਾਂ ਧਿਰਾਂ ਨੇ ਦਸਤਖਤ ਕਰ ਦਿੱਤੇ। ਗੁਰੂਦੇਵ ਜੀ ਨੇ ਇਸ ਸੰਧੀ ਦੀ ਪੁਸ਼ਟੀ ਲਈ ਉਨ੍ਹਾਂ ਦੋਹਾਂ ਦੀਆਂ ਪੱਗਾਂ ਆਪਸ ਵਿਚ ਵੱਟਾ ਦਿੱਤੀਆਂ ਉਦੋਂ ਤੋਂ ਉਹ ਪੱਗ-ਵੱਟ ਭਰਾ ਬਣ ਗਏ।

## 'ਤ੍ਰਿਪੁਰਾ ਨਰੇਸ਼ ਰਾਮ ਰਾਇ'

ਸ੍ਰੀ ਗੁਰੂਤੇਗ ਬਹਾਦਰ ਸਾਹਿਬ ਜੀ ਦੀ ਪ੍ਰਸਿੱਧੀ ਅਤੇ ਪ੍ਰਸੰਸਾ ਬੰਗਾਲ ਅਤੇ ਆਸਾਮ ਦੇ ਭਿੰਨ -ਭਿੰਨ ਇਲਾਕੇ ਵਿਚ ਫੈਲ ਗਈ। ਤ੍ਰਿਪੁਰਾ ਨਰੇਸ ਕਿਸੇ ਕਾਰਣ ਢਾਕਾ ਦੇ ਨੇੜੇ ਸਥਿਤ 'ਗੋਰੀਪੁਰ' ਵਿਖੇ ਆਪਣੇ ਪਰਿਵਾਰ ਸਮੇਂ ਆਇਆ ਹੋਇਆ ਸੀ ਤਾਂ ਉਸ ਸ੍ਰੀ ਗੁਰੂਤੇਗ ਬਹਾਦਰ ਜੀ ਦੀ ਮਹਿਮਾ ਬਾਰੇ ਸੁਣਿਆ। ਜਦੋਂ ਉਸ ਨੂੰ ਪਤਾ ਲੱਗਾ ਕਿ ਗੁਰੂਦੇਵ ਜੀ ਨੇ ਔਰੰਗਜ਼ੇਬ ਦੇ ਪ੍ਰਤੀਨਿਧ ਰਾਜਾ ਰਾਮ ਸਿੰਘ ਅਤੇ ਆਸਾਮ ਦੇ ਨਰੇਸ਼ ਚੱਕਰਧਵੱਜ ਵਿਚਕਾਰ ਪੈ ਕੇ ਸੰਧੀ ਕਰਵਾ ਦਿੱਤੀ ਹੈ ਤਾਂ ਉਹ ਗੁਰੂਜੀ ਦੇ ਦਰਸ਼ਨਾਂ ਲਈ ਚੱਲ ਪਿਆ। ਜਦੋਂ ਉਸ ਦੀ ਸ੍ਰੀ ਗੁਰੂਤੇਗ ਬਹਾਦਰ ਜੀ ਨਾਲ ਮੁਲਾਕਾਤ ਹੋਈ ਤਾਂ ਉਹ ਉਨ੍ਹਾਂ ਦੀ ਸ਼ਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਗੁਰੂਦੇਵ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਦੇ ਰਾਜ ਵਿਚ ਚਰਨ ਪਾਉਣ। ਗੁਰੂਜੀ ਦਾ ਉਦੇਸ਼ ਤਾਂ ਗੁਰੂਨਾਨਕ ਦੇਵ ਜੀ ਦੇ ਸਿਧਾਤਾਂ ਦਾ ਪ੍ਰਚਾਰ ਕਰਨਾ ਸੀ, ਇਸ ਲਈ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦੇ ਸਨ। ਇਸ ਤਰ੍ਹਾਂ ਗੁਰੂਜੀ ਨਰੇਸ਼ ਰਾਮ ਰਾਇ ਦੇ ਨਾਲ ਉਸ ਦੀ ਰਾਜਧਾਨੀ ਵਿਚ ਪਹੁੰਚੇ। ਉਥੇ ਪਹੁੰਚ ਕੇ ਉਥੋ ਦੀ ਜਨਤਾ ਨੂੰ ਆਪਣੇ ਪ੍ਰਵਚਨਾਂ ਦੁਆਰਾ ਨਿਹਾਲ ਕੀਤਾ। ਇਕ ਦਿਨ ਇਕ ਮਹਾਂਪੁਰਸ਼ ਨੇ ਗੁਰੂਜੀ ਨੂੰ ਕਿਹਾ, ਸਾਡੇ ਨਰੇਸ਼ ਬਹੁਤ ਭਲੇ ਇਨਸਾਨ ਹਨ, ਪਰ ਉਨ੍ਹਾਂ ਦੇ ਕੋਈ ਸੰਤਾਨ (ਔਲਾਦ) ਨਹੀਂ ਹੈ, ਕ੍ਰਿਪਾ ਕਰਕੇ ਆਪ ਜੀ ਕੋਈ ਅਜਿਹਾ ਉਪਾਅ ਦਸੋ ਜਿਸ ਨਾਲ ਰਾਜਾ ਜੀ ਦੇ ਉਤਰਾਧਿਕਾਰੀ ਦਾ ਜਨਮ ਹੋਵੇਂ। ਗੁਰੂਦੇਵ ਜੀ ਨੇ ਸੰਗਤ ਦੀ ਇੱਛਾ ਨੂੰ ਵੇਖਦੇ ਹੋਏ ਵਿਚਾਰ ਕੀਤਾ ਕਿ ਗੁਰੂਨਾਨਕ ਦੇਵ ਜੀ ਦੇ ਘਰ ਵਿਚ ਕੀ ਕਮੀ ਹੈ? ਜੇ ਅਰਦਾਸ ਪਵਿੱਤਰ ਮਨ ਨਾਲ ਕੀਤੀ ਜਾਵੇ ਤਾਂ ਪ੍ਰਾਪਤੀ ਜ਼ਰੂਰ ਹੀ ਹੋਵੇਗੀ ਅਤੇ ਇਸ ਦੇ ਨਾਲ ਸੰਗਤ ਨੂੰ ਗੁਰਮਤਿ ਸਿਧਾਂਤ ਸਮਝਾਉਦੇ ਹੋਏ ਨਿਮਨਲਿਖਤ ਸ਼ਬਦ ਪੜ੍ਹਿਆ। ਜਿਸ ਵਿਚ ਮਾਨਵ ਨੂੰ ਹਮੇਸ਼ਾ ਪ੍ਰਭੂਇੱਛਾ ਵਿਚ ਰਹਿ ਕੇ ਜਿਉਣਾ ਸਿਖਾਇਆ ਗਿਆ ਹੈ। ਗੁਰੂਜੀ ਨੇ ਦੱਸਿਆ ਕਿ ਮਨੁੱਖ ਅਸਥਿਰ (ਡਾਵਾਂ ਡੋਲ) ਨਹੀਂ ਹੋਣਾ ਚਾਹੀਦਾ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥

ਸੁਖ ਸਨੇਹ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ ॥ਰਹਾਉ॥

ਨਹ ਨਿੰਦਿਆ ਨਹ ਉਸਤਤਿ ਜਾ ਕੇ ਲੋਭੁ ਮੋਹੁ ਅਭਿਮਾਨਾ ॥

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥

ਕਾਮ ਕ੍ਰੋਧ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ ॥

ਗੁਰ ਕਿਰਪਾ ਜਹਿ ਨਰ ਕਉ ਕੀਨੀ ਤਿਹ ਇਹ ਜੁਗਤ ਪਛਾਨੀ ॥

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

ਗੁਰੁਦੇਵ ਜੀ ਨੇ ਇਸ ਸ਼ਬਦ ਰਾਹੀ ਦੱਸਿਆ ਕਿ ਮਨੁੰਖ ਨੂੰ ਤਰੁੱਟੀਆਂ ਵਾਲਾ ਜੀਵਨ ਤਿਆਗ ਕੇ ਵਿਵੇਕਸ਼ੀਲ ਜੀਵਨ ਜਿਉਣਾ ਚਾਹੀਦਾ ਹੈ, ਜਿਸ ਨਾਲ ਹਰ ਵੇਲੇ ਖੁਸ਼ੀ (ਪ੍ਰਸੰਨਤਾ) ਬਣੀ ਰਹਿੰਦੀ ਹੈ ਅਤੇ ਜੀਵ ਆਤਮਾ ਪ੍ਰਭੁਚਰਨਾਂ ਵਿਚ ਪ੍ਰਵਾਨਿਤ ਹੁੰਦੀ ਹੈ। ਇਸ ਤੋਂ ਬਾਅਦ ਸਮੂਹ ਸੰਗਤ ਨੇ ਮਿਲ ਕੇ ਪ੍ਰਭੁਚਰਨਾ ਵਿਚ ਨਰੇਸ਼ ਦੇ ਘਰ ਸੰਤਾਨ ਉਤਪਤੀ ਦੇ ਲਈ ਅਰਦਾਸ ਕੀਤੀ, ਇਕ ਵਿਅਕਤੀ ਨੇ ਸ਼ੰਕਾ ਪ੍ਰਗਟ ਕੀਤਾ ਕਿ ਅਸੀਂ ਕਿਵੇਂ ਜਾਣ ਜਾਵਾਂਗੇ ਕਿ ਆਉਣ ਵਾਲਾ ਰਾਜਕੁਮਾਰ ਸਾਡੀ ਅਰਦਾਸ ਦਾ ਹੀ ਨਤੀਜਾ ਹੈ? ਸ਼ੰਕਾ ਠੀਕ ਸੀ। ਇਸ ਲਈ ਗੁਰੁਦੇਵ ਜੀ ਨੇ ਸੰਗਤ ਨੂੰ ਦਸਿਆ ਕਿ ਬਾਲਕ ਦੇ ਮੱਥੇ ਤੇ ਸਾਡੀ ਅੰਗੂਠੀ ਤੇ ਉਕਰਿਆ ਹੋਇਆ ਚਿੰਨ੍ਹ ਸਪਸ਼ਟ ਰੂਪ ਨਾਲ ਵਿਖਾਈ ਦੇਵੇਗਾ।ਇਸ ਦੇ ਨਾਲ ਹੀ ਉਨ੍ਹਾਂ ਨੇ ਨਰੇਸ਼ ਨੂੰ ਕਿਹਾ, ਆਪ ਉਸ ਬਾਲਕ ਦਾ ਨਾਮ ਰਤਨ ਰਾਇ ਰਖਣਾ।

ਕੁਝ ਸਮੇਂ ਬਾਅਦ ਆਪ ਜੀ ਉਥੋਂ ਦੀ ਸੰਗਤ ਤੋਂ ਆਗਿਆ ਲੈ ਕੇ ਵਾਪਸ ਢਾਕਾ ਆ ਗਏ।

## "ਮਹੰਤ ਬਲਾਕੀ ਦਾਸ ਦੀ ਮਾਤਾ ਦੀ ਸ਼ਰਧਾ"

ਮਹੰਤ ਬਲਾਕੀ ਦਾਸ ਜੀ ਦੀ ਮਾਤਾ ਗੁਰੂਨਾਨਕ ਦੇਵ ਜੀ ਤੇ ਅਪਾਰ ਸ਼ਰਧਾ ਰਖਦੀ ਸੀ। ਇਸ ਲਈ ਉਹ ਆਪਣੇ ਪੁੱਤਰ ਬਲਾਕੀ ਦਾਸ ਨੂੰ ਹਮੇਸ਼ਾ ਪ੍ਰੇਰਿਤ ਕਰਦੀ ਸੀ ਕਿ ਉਹ ਪੰਜਾਬ ਜਾ ਕੇ ਗੁਰੂਜੀ ਦੇ ਉਤਰਾਧਿਕਾਰੀ ਵਰਤਮਾਨ ਗੁਰੂਦੇਵ ਜੀ ਸ੍ਰੀ ਗੁਰੂਤੇਗ ਬਹਾਦਰ ਜੀ ਨੂੰ ਬੰਗਾਲ ਦੀ ਸੰਗਤ ਦਾ ਕਲਿਆਣ ਕਰਨ ਲਈ ਸੱਦਾ ਦੇਵੇ। ਬਲਾਕੀ ਦਾਸ ਮਾਤਾ ਜੀ ਨੂੰ ਕਹਿ ਦੇਂਦਾ ਕਿ ਸੱਚੇ ਮਨ ਨਾਲ ਯਾਦ ਕਰਨ ਤੇ ਗੁਰੁਦੇਵ ਜੀ ਖੁਦ ਹੀ ਦਰਸ਼ਨ ਦੇਣ ਲਈ ਆ ਜਾਂਦੇ ਹਨ।

ਇਸ ਤੱਤ (ਸਚਾਈ) ਨੂੰ ਮਨ ਵਿਚ ਵਸਾ ਕੇ ਮਾਤਾ ਜੀ ਨੇ ਇੱਕ ਸੁੰਦਰ ਪਲੰਘ ਤਿਆਰ ਕਰਵਾਇਆ। ਗੁਰੂਦੇਵ ਦੇ ਆਗਮਨ ਤੇ ਉਨ੍ਹਾਂ ਨੂੰ ਕਿਸ ਸਥਾਨ ਤੇ ਬਿਰਾਜਮਾਨ ਕਰਵਾਇਆ ਜਾਵੇਗਾ? ਇਸ ਕਾਰਜ ਦੀ ਸਿੱਧੀ ਲਈ ਉਨ੍ਹਾਂ ਨੇ ਇੱਕ ਵਿਸ਼ੇਸ਼ ਭਵਨ ਵੀ ਬਣਵਾਇਆ, ਜਿਥੇ ਗੁਰੂਜੀ ਲਈ ਸਾਰੀਆਂ ਸਹੂਲਤਾਂ ਮੁਹੱਈਆ ਹੋਣ। ਮਨ ਦੀ ਸਰਧਾ ਜਨੂਨ ਦਾ ਰੂਪ ਧਾਰਨ ਕਰ ਗਈ, ਇਸ ਲਈ ਉਹ ਹਰ ਵੇਲੇ ਗੁਰੁਦੇਵ ਜੀ ਦੀ ਯਾਦ ਦੀ ਧੁਨ ਵਿਚ ਹੀ

ਗੁਆਚੀ ਰਹਿਣ ਲੱਗੀ। ਇੱਕ ਦਿਨ ਮਾਤਾ ਜੀ ਨੇ ਵਿਚਾਰ ਕੀਤਾ ਕਿ ਜਦੋਂ ਗੁਰੂਦੇਵ ਜੀ ਇਥੇ ਚਰਨ ਪਾਉਣਗੇ ਤਾਂ ਇਥੋਂ ਦੇ ਵਾਤਾਵਰਣ ਅਨੁਕੂਲ ਉਨ੍ਹਾਂ ਲਈ ਪਹਿਨਣ ਵਾਲਾ ਬਾਣਾ ਵੀ ਤਿਆਰ ਹੋਣਾ ਚਾਹੀਦਾ ਹੈ। ਇਸ ਲਈ ਉਹ ਬੰਗਾਲੀ ਕੁੜਤਾ ਅਤੇ ਉਸੇ ਅਨੁਸਾਰ ਦੂਜੇ ਵਸਤਰ ਤਿਆਰ ਕਰਨ ਲਈ ਜੁੱਟ ਗਈ। ਪਹਿਲਾ ਉਨ੍ਹਾਂ ਨੇ ਪਤਲਾ ਸੂਤ ਕੱਤਿਆ, ਫਿਰ ਵਸਤਰ ਤਿਆਰ ਕੀਤੇ। ਪਰ ਗੁਰੂਦੇਵ ਜੀ ਤਾਂ ਹਾਲੇ ਚਰਨ ਪਾਉਣ ਲਈ ਨਹੀਂ ਆਏ। ਮਾਤਾ ਜੀ ਦਾ ਹੌਂਸਲਾ ਟੁੱਟ ਗਿਆ। ਉਨ੍ਹਾਂ ਨੇ ਪੁੱਤਰ ਨੂੰ ਪੰਜਾਬ ਜਾਣ ਲਈ ਤਿਆਰ ਕਰ ਲਿਆ। ਮਹੰਤ ਬਲਾਕੀ ਦਾਸ ਨੇ ਮਾਤਾ ਜੀ ਦੇ ਕਹਿਣ ਤੇ ਕੁਝ ਸਹਾਇਕ ਨਾਲ ਲਏ ਅਤੇ ਪੰਜਾਬ ਲਈ ਚੱਲ ਪਏ। ਪਰ ਉਨ੍ਹਾਂ ਦੀ ਭਗਤੀ ਤੇ ਸ਼ਰਧਾ ਰੰਗ ਲਿਆਈ।

ਉਨ੍ਹਾਂ ਨੂੰ ਗੁਰੂਜੀ ਰਾਹ ਵਿਚ ਹੀ ਪਟਨਾ ਨਗਰ ਵਿਖੇ ਮਿਲ ਗਏ। ਉਹ ਤਾਂ ਪਹਿਲਾਂ ਤੋਂ ਹੀ ਆਪਣੇ ਭਗਤਾਂ ਦੀ ਸੁੱਧ ਲੈਣ ਲਈ ਨਗਰ-ਨਗਰ ਘੁੰਮ ਰਹੇ ਸਨ। ਇਸ ਲਈ ਹੁਣ ਕੋਈ ਰੁਕਾਵਟ ਨਹੀ ਸੀ, ਸਿਰਫ ਕੁਝ ਸੌ ਮੀਲ ਦੀ ਦੂਰੀ ਸੀ, ਜੋ ਕਿ ਪ੍ਰੇਮ-ਮਾਰਗ ਵਿਚ ਰੁਕਾਵਟ ਨਹੀਂ ਬਣ ਸਕਦੀ ਸੀ।

ਢਾਕੇ ਦੀ ਸੰਗਤ ਵਿਚ ਦੁਬਾਰਾ ਗੁਰਮਤਿ ਪ੍ਰਚਾਰ ਕਰਨ ਲਈ ਗੁਰੂਦੇਵ ਜੀ ਰਾਹ ਵਿਚ ਆਉਂਦੇ ਵੱਡੇ ਸ਼ਹਿਰਾਂ ਵਿਚ ਪੜਾਅ ਕਰਦੇ ਹੋਏ ਢਾਕਾ ਪਹੁੰਚੇ, ਉਥੇ ਬਲਾਕੀ ਦਾਸ ਜੀ ਦੀ ਮਾਤਾ ਜੀ ਨੇ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ ਅਤੇ ਆਪਣੇ ਹੱਥਾਂ ਨਾਲ ਤਿਆਰ ਕੀਤਾ ਬਾਣਾ ਧਾਰਨ ਕਰਨ ਲਈ ਪੇਸ਼ ਕੀਤਾ। ਉਹ ਗੁਰੂਜੀ ਦੇ ਦਰਸ਼ਨ ਕਰਕੇ ਬਹੁਤ ਜ਼ਿਆਦਾ ਪ੍ਰਸੰਨ ਹੋਈ। ਗੁਰੂਦੇਵ ਜੀ ਨੂੰ ਢਾਕਾ ਪਹੁੰਚੇ ਅਜੇ ਕੁਝ ਹੀ ਦਿਨ ਹੋਏ ਸਨ ਕਿ ਰਾਜਾ ਰਾਮ ਸਿੰਘ ਉਨ੍ਹਾਂ ਨੂੰ ਆਪਣੇ ਨਾਲ ਆਸਾਮ ਦੀ ਮੁਹਿੰਮ ਵਿਚ ਜਿੱਤ ਪ੍ਰਾਪਤ ਕਰਨ ਦੇ ਉਦੇਸ਼ ਨਾਲ ਲੈਣ ਆ ਪਹੁੰਚਿਆ। ਐਨੀ ਜਲਦੀ ਗੁਰੂਜੀ ਦੇ ਆਸਾਮ ਚਲੇ ਜਾਣ ਬਾਰੇ ਕਿਸੇ ਨੂੰ ਵੀ ਉਮੀਦ ਨਹੀ ਸੀ, ਇਸ ਲਈ ਮਾਤਾ ਜੀ ਨੂੰ ਗੁਰੂਦੇਵ ਜੀ ਦੇ ਅਚਾਨਕ ਚਲੇ ਜਾਣ ਤੇ ਬਹੁਤ ਨਿਰਾਸ਼ਾ ਹੋਈ, ਪਰ ਉਨ੍ਹਾਂ ਨੇ ਗੁਰੂਜੀ ਤੋਂ ਉਥੋਂ ਦੀ ਸਫਲਤਾ ਦੇ ਬਾਅਦ ਵਾਪਸ ਆਉਣ ਦਾ ਵਾਅਦਾ ਲੈ ਲਿਆ ਸੀ। ਇਸ ਸਮੇਂ ਦੌਰਾਨ ਮਾਤਾ ਜੀ ਦੇ ਮਨ ਵਿਚ ਇੱਕ ਵਿਚਾਰ ਨੇ ਜਨਮ ਲਿਆ ਕਿ ਕਿੰਨਾ ਚੰਗਾ ਹੁੰਦਾ, ਜੇ ਗੁਰੂਜੀ ਦੀ ਇਕ ਤਸਵੀਰ ਉਨ੍ਹਾਂ ਨੇ ਬਣਵਾ ਲਈ ਹੁੰਦੀ, ਇਸ ਵਿਚਾਰ ਨੂੰ ਅਮਲੀਂ ਜਾਮਾ ਪਹਿਨਾਉਣ ਲਈ ਉਨ੍ਹਾਂ ਨੇ ਇੱਕ ਬਹੁਤ ਵੱਡੇ ਚਿੱਤਰਕਾਰ ਨੂੰ ਬੁਲਾ ਕੇ ਆਪਣੇ ਕੋਲ ਰੱਖ ਲਿਆ ਅਤੇ ਉਸ ਨੂੰ ਸਮਝਾਇਆ ਗੁਰੂਜੀ ਤਸਵੀਰ ਵਿਚ ਵਿਸ਼ਵਾਸ ਨਹੀਂ ਰਖਦੇ, ਇਸ ਲਈ ਉਹ ਆਪਣੀ ਤਸਵੀਰ ਨਹੀਂ ਬਣਾਉਣ ਦੇਣਗੇ। ਇਸ ਲਈ ਤੂੰ ਉਨ੍ਹਾਂ ਦੇ ਵਾਪਸ ਆਉਣ ਤੇ ਗੁਪਤ ਰੂਪ ਨਾਲ ਉਨ੍ਹਾਂ ਦੀ ਤਸਵੀਰ ਤਿਆਰ ਕਰਨੀ ਹੈ, ਕਿਉਂਕਿ ਮਹਾਪੁਰਸ਼ਾ ਦਾ ਇਕ ਸਥਾਨ ਤੇ ਵਧੇਰੇ ਸਮਾਂ ਰੁਕਣਾ ਸੰਭਵ ਨਹੀਂ ਹੋ ਸਕਦਾ।

ਗੁਰੂਜੀ ਆਪਣੇ ਵਚਨ ਅਨੁਸਾਰ ਆਸਾਮ ਦੀ ਮੁਹਿੰਮ ਦੀ ਸਮਾਪਤੀ ਤੇ ਵਾਪਸ ਪਰਤ ਆਏ। ਮਾਤਾ ਜੀ ਦੇ ਆਦੇਸ਼ ਅਨੁਸਾਰ ਚਿੱਤਰਕਾਰ ਨੇ ਗੁਪਤ ਰੂਪ ਨਾਲ ਗੁਰੂਦੇਵ ਜੀ ਦਾ ਚਿੱਤਰ ਤਿਆਰ ਕੀਤਾ, ਪਰ ਉਹ ਗੁਰੂਦੇਵ ਜੀ ਦੇ ਮੁੱਖ-ਮੰਡਲ ਦਾ ਚਿੱਤਰ ਬਣਾਉਣ ਵਿਚ ਅਸਫਲ ਰਿਹਾ। ਉਸਨੇ ਮਾਤਾ ਜੀ ਨੂੰ ਦਸਿਆ ਕਿ ਜਦੋਂ ਉਹ ਧਿਆਨ ਲਾ ਕੇ ਗੁਰੂਦੇਵ ਦੇ ਚਿਹਰੇ ਤੇ ਦ੍ਰਿਸ਼ਟੀ ਪਾਉਂਦਾ ਹੈ ਤਾਂ ਉਹ ਉਨ੍ਹਾਂ ਦੇ ਨੂਰਾਨੀ ਚਿਹਰੇ ਦੀ ਆਭਾ (ਤੇਜ਼ ਪ੍ਰਤਾਪ) ਨੂੰ ਸਹਿਣ ਨਹੀਂ ਕਰ ਪਾਉਂਦਾ, ਜਿਸ ਕਾਰਨ, ਨੇਤਰ, ਨੱਕ ਅਤੇ ਚਿਹਰਾ (ਮੁੱਖ) ਆਦਿ ਚਿਤਰਿਤ ਨਹੀਂ ਕਰ ਸਕਿਆ। ਮਾਤਾ ਜੀ

ਨੇ ਉਸ ਨੂੰ ਇੱਕ ਵਾਰ ਫਿਰ ਕੋਸ਼ਿਸ ਕਰਨ ਲਈ ਕਿਹਾ-ਪਰ ਚਿੱਤਰਕਾਰ ਨੇ ਆਪਣੀ ਲਾਚਾਰੀ ਦੱਸ ਦਿੱਤੀ। ਤਦ ਮਾਤਾ ਜੀ ਨੇ ਗੁਰੂਦੇਵ ਜੀ ਦੇ ਸਾਹਮਣੇ ਆਪਣੇ ਮਨ ਦੀ ਅਭਿਲਾਸ਼ਾ ਰੱਖੀ ਅਤੇ ਕਿਹਾ ਮੈਂਨੂੰ ਆਪ ਜੀ ਦਾ ਇੱਕ ਚਿੱਤਰ ਚਾਹੀਦਾ ਹੈ, ਪਰ ਉਹ ਅਧੂਰਾ ਹੈ। ਗੁਰੂਦੇਵ ਜੀ ਨੇ ਉਨ੍ਹਾਂ ਦੀ ਸੱਚੀ ਲਗਨ ਵੇਖੀ ਅਤੇ ਕਿਹਾ ਕਿ ਕੋਈ ਗੱਲ ਨਹੀ, ਆਪ ਨੂੰ ਨਿਰਾਸ਼ ਨਹੀ ਹੋਣਾ ਪਵੇਗਾ। ਮੈਂ ਖੁਦ ਆਪਣੇ ਹੱਥੀਂ ਅਧੂਰਾ ਚਿੱਤਰ ਪੂਰਾ ਕਰ ਦੇਂਦਾ ਹਾਂ। ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਚਿੱਤਰ ਖੁਦ ਤਿਆਰ ਕਰਕੇ ਮਾਤਾ ਜੀ ਨੂੰ ਦੇ ਦਿੱਤਾ।

## 'ਪੰਜਾਬ ਵਾਪਸੀ'

ਸ੍ਰੀ ਗੁਰੂਤੇਗ ਬਹਾਦਰ ਜੀ ਨੂੰ ਪਟਨਾ ਵਿਚ ਪਰਿਵਾਰ ਛੱਡ ਕੇ ਆਇਆ ਲਗਭਗ ਦੋ ਸਾਲ ਹੋ ਚੁੱਕੇ ਸਨ। ਘਰ ਤੋਂ ਲਗਾਤਾਰ ਸੁਨੇਹੇ ਮਿਲ ਰਹੇ ਸਨ ਕਿ ਆਪ ਜੀ ਵਾਪਸ ਆ ਜਾਓ, ਆਪ ਜੀ ਦਾ ਬੇਟਾ ਵੀ ਦੋ ਸਾਲ ਦਾ ਹੋਣ ਵਾਲਾ ਹੈ, ਪਰ ਗੁਰੂਜੀ ਜਿਥੇ ਵੀ ਪਹੁੰਚਦੇ ਉਥੇ ਦੀ ਰਹਿਣ ਵਾਲੀ ਸੰਗਤ ਦੇ ਪ੍ਰੇਮ ਵਿਚ ਬੱਧੇ ਅੱਗੇ ਨਹੀਂ ਜਾ ਸਕਦੇ ਸਨ। ਇਸ ਪ੍ਰਕਾਰ ਗੁਰੂਦੇਵ ਜੀ ਨੇ ਫੈਸਲਾ ਲਿਆ ਕਿ ਉਨ੍ਹਾਂ ਸਾਰੇ ਸਥਾਨਾਂ ਤੇ ਇੱਕ ਵਾਰ ਜ਼ਰੂਰ ਜਾਣਾ ਹੈ, ਜਿਥੇ ਸ੍ਰੀ ਗੁਰੂਨਾਨਕ ਦੇਵ ਜੀ ਸਤਿਸੰਗ ਅਤੇ ਧਰਮਸ਼ਾਲਾ ਦੀ ਸਥਾਪਨਾ ਕਰ ਗਏ ਸਨ। ਸਮੇਂ ਦੇ ਬੀਤਣ ਕਾਰਨ ਉਥੇਂ ਦੁਬਾਰਾ ਸਿੱਖੀ ਨੂੰ ਜੀਵਿਤ ਕਰਨਾ ਜ਼ਰੂਰੀ ਵੀ ਸੀ। ਇਸ ਲਈ ਇਸ ਕਾਰਜ ਲਈ ਲੰਮੇ ਸਮੇਂ ਦੀ ਲੋੜ ਸੀ, ਪਰ ਗੁਰੂਜੀ ਦੇ ਸਾਹਮਣੇ ਉਦੇਸ਼ ਸੀ। ਉਹ ਵਿਚਾਰ ਕਰ ਰਹੇ ਸਨ ਕਿ ਉਹ ਨਵੇ ਇਲਾਕਿਆਂ ਵਿਚ ਤਾਂ ਸਿੱਖੀ ਨੂੰ ਪ੍ਰਫੁਲਤਾ ਕਰਨ ਦਾ ਕਾਰਜ ਬੇਸ਼ਕ ਨਾ ਕਰ ਸਕਣ, ਪਰ ਜਿਥੇਂ -ਜਿਥੇ ਪਹਿਲਾਂ ਤੋਂ ਹੀ ਗੁਰੂਨਾਨਕ ਦੇਵ ਜੀ ਦੁਆਰਾ ਯਤਨ ਕੀਤੇ ਹੋਏ ਹਨ, ਉਥੇ ਤਾਂ ਜਾਣਾ ਹੀ ਚਾਹੀਦਾ ਹੈ। ਆਪ ਜੀ ਨੇ ਘਰ ਸੁਨੇਹਾ ਭੇਜ ਦਿੱਤਾ ਕਿ ਜਿਥੇ ਦੋ ਸਾਲ ਬਤੀਤ ਹੋ ਗਏ ਹਨ, ਉਥੇ ਛੇ ਮਹੀਨੇ ਹੋਰ ਉਡੀਕ ਕਰ ਲੈਣ ਕਿਉਂਕਿ ਦੂਰ-ਦਰੇਡੇ ਇਲਾਕਿਆਂ ਵਿਚ ਦੁਬਾਰਾ ਆਉਣ ਦਾ ਪ੍ਰੋਗਰਾਮ ਅਸੰਭਵ ਹੁੰਦਾ ਹੈ।

ਆਪ ਜੀ ਨੇ ਢਾਕਾ ਛੱਡਦੇ ਸਮੇਂ ਪ੍ਰਚਾਰ ਦੀ ਮੰਜ਼ਿਲ ਜਗਨ ਨਾਥ ਪੁਰੀ ਨੂੰ ਬਣਾਇਆ ਅਤੇ ਕਾਫਲੇ ਨੂੰ ਲੈ ਕੇ ਚੱਲ ਪਏ। ਰਾਹ ਵਿਚ ਆਪ ਜੀ ਨੇ ਪਬਨਾ ਚੁਡੰਗਾ, ਦਰਸ਼ਨਾ, ਬਾਗੁਲਾ, ਗਟਾ-ਘਾਟ, ਮਦਨਪੁਰ, ਕੰਚਨ-ਪਾਡਾ, ਨਟੀ ਗਟੀ, ਬਾਰਕਪੁਰ ਆਦਿ ਸਥਾਨਾਂ ਤੇ ਪੜਾਅ ਕੀਤੇ ਅਤੇ ਉਥੋਂ ਦੇ ਨਿਵਾਸੀਆਂ ਨਾਲ ਸੰਪਰਕ ਕੀਤਾ। ਇਸ ਤਰ੍ਹਾਂ ਆਪ ਜੀ ਕਲਕੱਤਾ ਪਹੁੰਚੇ।

ਕਲਕੱਤੇ ਵਿਚ ਉਹਨੀ ਦਿਨੀ ਗੁਰੂਨਾਨਕ ਦੇਵ ਜੀ ਦੁਆਰਾ ਚਲਾਈਆਂ ਗਈਆਂ ਦੋ ਸੰਸਥਾਵਾਂ ਸਨ- ਵੱਡੀ ਸੰਗਤ ਅਤੇ ਛੋਟੀ ਸੰਗਤ। ਉਥੇ ਸਮੇਂ ਦੇ ਖੱਪੇ ਕਾਰਨ ਉਤਸ਼ਾਹ ਵਿਚ ਕਮੀ ਆ ਗਈ ਸੀ, ਜਿਸ ਨੂੰ ਗੁਰੂਜੀ ਨੇ ਦੁਬਾਰਾ ਜੀਵਿਤ ਕੀਤਾ ਅਤੇ ਅੱਗੇ ਚੱਲ ਪਏ। ਰਾਹ ਵਿਚ ਆਪ ਜੀ ਜਾਲੇਸਵਰ, ਪਾਲਾ ਸਾਰੇ, ਕਟਕ ਅਤੇ ਭੁਵਨੇਸਵਰ ਨਾਂ ਦੇ ਸਥਾਨਾਂ ਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਜਗਨ ਨਾਥ ਪੁਰੀ ਪਹੁੰਚੇ। ਉਥੇ ਕੁਝ ਦਿਨ ਆਪਣੇ ਮਧੁਰ ਉਪਦੇਸ਼ਾਂ ਨਾਲ ਲੋਕਾਂ ਨੂੰ ਕ੍ਰਿਤਾਰਥ ਕਰਨ ਤੋਂ ਬਾਅਦ ਪਟਨਾ ਨਗਰ ਲਈ ਚਾਲੇ ਪਾ ਦਿੱਤੇ।

## 'ਪਰਿਵਾਰ ਨਾਲ ਮਿਲਾਪ'

ਔਰੰਗਜੇਬ ਨੇ ਜਦੋਂ ਮਹਿਸੂਸ ਕੀਤਾ ਕਿ ਹਿੰਦੂਰਾਜਿਆ ਦੀ ਸ਼ਕਤੀ ਨਸ਼ਟ ਹੋ ਚੁੱਕੀ ਹੈ। ਪ੍ਰਸ਼ਾਸਨ ਤੇ ਪਕੜ ਮਜ਼ਬੂਤ ਹੈ ਤਾਂ ਉਸਨੇ ਆਪਣੇ ਸੁਭਾਓ ਅਨੁਸਾਰ ਸੰਪਰਦਾਇਕ ਜ਼ਹਿਰ ਉਗਲਣਾ ਸ਼ੁਰੂਕਰ ਦਿੱਤਾ। ਜਿਉਂ ਹੀ ਸ੍ਰੀ ਗੁਰੂਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੀਆਂ ਨਣੀਆਂ ਸੰਪਰਦਾਇਕ ਜ਼ਹਿਰ (ਵਿਸ਼) ਭਰੀਆਂ ਨੀਤੀਆਂ ਦੇ ਐਲਾਨ ਦੇ ਬਾਰੇ ਜਾਣਕਾਰੀ ਹੋਈ ਤਾਂ ਉਹ ਤੁਰੰਤ ਪੰਜਾਬ ਵਾਪਸ ਪਹੁੰਚਣ ਲਈ ਯਤਨ ਕਰਨ ਲੱਗੇ ਤਾਂ ਕਿ ਠੀਕ ਸਮੇਂ ਤੇ ਲੋਕਾਂ ਵਿਚ ਜਾਗਰਤੀ ਲਿਆਂਦੀ ਜਾ ਸਕੇ, ਗੁਰੁਦੇਵ ਜੀ ਜਗਨ ਨਾਥ ਪੁਰੀ ਤੋਂ ਸਿੱਧੇ ਪਰਿਵਾਰ ਨੂੰ ਮਿਲਣ ਲਈ ਪਟਨਾ ਪਹੁੰਚੇ। ਆਪ ਜੀ ਦੇ ਆਗਮਨ ਤੇ ਇਥੋ ਦੀ ਸੰਗਤ ਨੇ ਸ਼ਾਨਦਾਰ ਸੁਆਗਤ ਕੀਤਾ। ਆਪ ਜੀ ਨੇ ਆਪਣੇ ਪਿਆਰੇ ਬੇਟੇ ਗੋਬਿੰਦ ਰਾਇ ਜੀ ਨੂੰ ਪਹਿਲੀ ਵਾਰ ਵੇਖਿਆ, ਉਹ ਲਗਭਗ ਚਾਰ ਸਾਲ ਦੇ ਹੋਣ ਵਾਲੇ ਸਨ। ਪਿਤਾ ਅਤੇ ਪੁੱਤਰ ਦੀ ਇਹ ਪਹਿਲੀ ਮਿਲਣੀ ਸੀ ਆਪ ਜੀ ਨੇ ਆਪਣੇ ਪ੍ਰਤਿਭਾਸ਼ਾਲੀ ਪੁੱਤਰ ਨੂੰ ਗਲੇ ਲਾਇਆ ਅਤੇ ਉਸ ਦਾ ਮੱਥਾ ਚੁੰਮਿਆ, ਇਸ ਤਰ੍ਹਾਂ ਪਿਤਾ ਅਤੇ ਪੁੱਤਰ ਦੇ ਹਿਰਦੇ ਵਿਚ ਖੁਸ਼ੀ ਤੇ ਹੁਲਾਸ ਦੀ ਲਹਿਰ ਦੌੜ ਗਈ, ਇਹ ਅਲੌਕਿਕ ਮਿਲਾਪ ਸੀ, ਜਿਹੜਾ ਕਈ ਸਾਲਾ ਬਾਅਦ ਸੰਭਵ ਹੋ ਸਕਿਆ ਸੀ।

ਗੁਰੂਜੀ ਲਗਭਗ ਤਿੰਨ ਮਹੀਨੇ ਪਟਨਾ ਵਿਖੇ ਰਹੇ। ਉਸ ਤੋਂ ਬਾਅਦ ਫੈਸਲਾ ਕੀਤਾ ਕਿ ਉਹ ਪਹਿਲਾਂ ਪੰਜਾਬ ਜਾ ਕੇ ਉਥੇ ਨਵੇਂ ਨਗਰ ਚੱਕ ਨਾਨਕੀ ਦਾ ਪ੍ਰਬੰਧ ਠੀਕ ਕਰਨਗੇ ਅਤੇ ਨਵ-ਨਿਰਮਾਣ ਦਾ ਅਤਿ ਜ਼ਰੂਰੀ ਕੰਮ ਪੂਰਾ ਕਰਕੇ ਪਰਿਵਾਰ ਨੂੰ ਉਥੇ ਬੁਲਾਉਣਗੇ। ਇਸ ਪ੍ਰੋਗਰਾਮ ਦੇ ਅੰਤਰਗਤ ਗੁਰੁਦੇਵ ਜੀ ਨੇ ਆਪਣੇ ਸਾਲੇ ਕ੍ਰਿਪਾਲ ਚੰਦ ਅਤੇ ਹੋਰ ਸੇਵਕਾਂ ਨੂੰ ਆਦੇਸ਼ ਦਿੱਤਾ ਕਿ ਉਹ ਕੁਝ ਸਮਾਂ ਹੋਰ ਇਥੇ ਹੀ ਠਹਿਰਨ ਅਤੇ ਪਰਿਵਾਰ ਦੀ ਦੇਖਭਾਲ ਕਰਨ। ਜਿਉਂ ਹੀ ਉਨ੍ਹਾਂ (ਗੁਰੂਜੀ) ਨੂੰ ਸਭ ਕੁਝ ਠੀਕ ਮਹਿਸੂਸ ਹੋਵੇਗਾ, ਉਨ੍ਹਾਂ ਸਾਰਿਆਂ ਨੂੰ ਉਹ ਪੰਜਾਬ ਪਹੁੰਚਣ ਦਾ ਸੁਨੇਹਾ ਭੇਜ ਦੇਣਗੇ।

ਇਸ ਤਰ੍ਹਾਂ ਸ੍ਰੀ ਗੁਰੂਤੇਗ ਬਹਾਦਰ ਜੀ ਆਪਣੀ ਮਾਤਾ ਨਾਨਕੀ ਜੀ ਅਤੇ ਪਤਨੀ ਗੁੱਜਰ ਕੌਰ ਤੋਂ ਆਗਿਆ ਲੈ ਕੇ ਪੰਜਾਬ ਦੇ ਲਈ ਚੱਲ ਪਏ।

## 'ਚੱਕ ਨਾਨਕੀ (ਆਨੰਦਪੁਰ) ਵਿਚ ਦੁਬਾਰਾ ਰੌਣਕ'

ਸ੍ਰੀ ਗੁਰੂਤੇਗ ਬਹਾਦਰ ਜੀ ਪਟਨਾ ਨਗਰ, ਆਪਣੇ ਪਰਿਵਾਰ ਤੋਂ ਆਗਿਆ ਲੈ ਕੇ ਪੰਜਾਬ ਚੱਕ ਨਾਨਕੀ ਦੇ ਲਈ ਚੱਲ ਪਏ। ਉਹ ਰਾਹ ਵਿਚ ਅਨੇਕਾਂ ਸਥਾਨਾਂ ਦਾ ਦੌਰਾ ਕਰਦੇ ਹੋਏ ਅਤੇ ਸੰਗਤਾਂ ਨੂੰ ਗੁਰਮਤਿ ਸਿਧਾਤਾਂ ਤੋਂ ਜਾਣੂਕਰਵਾਉਂਦੇ ਹੋਏ ਹੌਲੀ-ਹੌਲੀ ਅੱਗੇ ਵਧਣ ਲੱਗੇ। ਦਿੱਲੀ ਪਹੁੰਚਣ ਤੇ ਉਥੇ ਆਪ ਜੀ ਰਾਣੀ ਪੁਸ਼ਪਾ ਦੇਵੀ ਨੂੰ ਮਿਲੇ, ਉਨ੍ਹਾਂ ਨਾਲ ਵਿਚਾਰ -ਵਟਾਂਦਰਾਂ ਕਰਦਿਆਂ ਔਰੰਗਜੇਬ ਦੀ ਜ਼ਹਿਰੀਲੀ ਸੰਪਰਦਾਇਕ ਨੀਤੀਆਂ ਦੇ ਵਿਸ਼ੇ ਵਿਚ ਚਿੰਤਾ ਪ੍ਰਗਟ ਕੀਤੀ। ਸਵਰਗੀ ਰਾਜਾ ਜੈ ਸਿੰਘ ਦੀ ਕਮੀ ਮਹਿਸੂਸ ਕੀਤੀ ਗਈ। ਰਾਣੀ ਨੇ ਕਿਹਾ, ਜੇ ਉਹ ਜੀਵਿਤ ਹੁੰਦੇ ਤਾਂ ਔਰੰਗਜੇਬ ਇਸ ਤਰ੍ਹਾਂ ਖੁਲੇਆਮ ਹਿੰਦੂਆਂ ਦੇ ਵਿਰੁੱਧ ਜ਼ਹਿਰੀਲੀਆਂ ਨੀਤੀਆਂ ਦੇ ਐਲਾਨ ਕਰਨ ਦੀ ਹਿੰਮਤ ਨਹੀ ਕਰ ਸਕਦਾ ਸੀ।

ਗੁਰੂਦੇਵ ਜੀ ਅੱਗੇ ਵਧਦੇ ਹੋਏ ਕੀਰਤਪੁਰ ਪਹੁੰਚੇ। ਆਪ ਜੀ ਆਪਣੇ ਵੱਡੇ ਭਰਾ ਸ੍ਰੀ ਸੂਰਜ ਮੱਲ ਜੀ ਦੇ ਨਿਵਾਸ ਤੇ ਠਹਿਰੇ, ਉਨ੍ਹਾਂ ਨੇ ਆਪ ਜੀ ਦਾ ਹਾਰਦਿਕ ਸੁਆਗਤ ਕੀਤਾ। ਆਪ ਜੀ ਨੇ ਉਨ੍ਹਾਂ ਨੂੰ ਆਪਣੀਆਂ ਲੰਮੀਆਂ ਯਾਤਰਾਵਾਂ ਦਾ ਵੇਰਵਾ ਸੁੱਣਾਇਆ ਅਤੇ ਤਤਕਾਲੀਨ ਰਾਜਨੀਤਿਕ ਘਟਨਾਵਾਂ ਦਾ ਵੇਰਵਾ ਸੁੱਣਾਇਆ ਅਤੇ ਤਤਕਾਲੀਨ ਰਾਜਨੀਤਿਕ ਘਟਨਾਵਾਂ ਤੇ ਵਿਚਾਰ-ਵਟਾਂਦਰਾ ਕੀਤਾ। ਆਪ ਜੀ ਦੇ ਵਾਪਸ ਆਉਣ ਦਾ ਸਮਾਚਾਰ ਆਨੰਦਪੁਰ ਸਾਹਿਬ ਪਹੁੰਚ ਗਿਆ। ਉਥੋਂ ਦੀਆਂ ਸੰਗਤਾਂ ਨੇ ਆਪ ਜੀ ਦੇ ਸ਼ਾਨਦਾਰ ਸੁਆਗਤ ਦੀਆਂ ਤਿਆਰੀਆਂ ਸ਼ੁਰੂਕਰ ਦਿੱਤੀਆਂ, ਕੁਝ ਦਿਨ ਆਪ ਜੀ ਕੀਰਤਪੁਰ ਠਹਿਰੇ, ਫਿਰ ਉਥੋਂ ਅਲਵਿਦਾ ਲੈ ਕੇ ਆਨੰਦਪੁਰ ਸਾਹਿਬ ਪਹੁੰਚੇ, ਬਹੁਤ ਸਾਰੇ ਵਿਸ਼ੇਸ਼ ਵਿਅਕਤੀ ਆਪ ਜੀ ਦੇ ਸੁਆਗਤ ਲਈ ਪਹਿਲਾਂ ਹੀ ਅੱਗੇ ਪਹੁੰਚੇ ਹੋਏ ਸਨ। ਆਪ ਜੀ ਨੂੰ ਫੁੱਲਾਂ ਦੀਆਂ ਮਾਲਾ ਪਹਿਨਾ ਕੇ, ਜੈ-ਜੈ ਕਾਰ ਦੇ ਨਾਅਰਿਆਂ ਨਾਲ ਆਪ ਜੀ ਨੂੰ ਨਵੇਂ ਨਿਵਾਸ ਸਥਾਨ ਤੇ ਲੈ ਜਾਇਆ ਗਿਆ । ਰਾਤ ਨੂੰ ਦੀਪਮਾਲਾ ਕੀਤੀ ਗਈ ਅਤੇ ਸਮੂਹ ਸੰਗਤ ਨੂੰ ਪ੍ਰੀਤੀ-ਭੋਜ ਦਿੱਤਾ ਗਿਆ।

ਗੁਰੂਦੇਵ ਜੀ ਨੇ ਆਨੰਦਪੁਰ ਸਾਹਿਬ ਦਾ ਨਿਰੀਖਣ ਕੀਤਾ ਅਤੇ ਵੇਖਿਆ ਕਿ ਅਜੇ ਬਹੁਤ ਸਾਰੇ ਕੰਮ ਅਧੂਰੇ ਹਨ। ਸਮੇਂ ਦੀ ਲੋੜ ਨੂੰ ਮੱਦੇਨਜ਼ਰ ਰਖਦੇ ਹੋਏ ਬਹੁਤ ਸਾਰੇ ਨਿਰਮਾਣ ਕਾਰਜ ਕਰਵਾਉਣੇ ਬਾਕੀ ਹਨ। ਇਨ੍ਹਾਂ ਨਿਰਮਾਣ ਕਾਰਜਾਂ ਲਈ ਸਮੇਂ ਅਤੇ ਧਨ ਦੀ ਜ਼ਰੂਰਤ ਪਵੇਗੀ।

ਜਿਉਂ ਹੀ ਪੰਜਾਬ ਦੇ ਵਿਭਿੰਨ ਇਲਾਕਿਆਂ ਵਿਚ ਸਮਾਚਾਰ ਪਹੁੰਚਿਆ ਕਿ ਸ੍ਰੀ ਗੁਰੂਤੇਗ ਬਹਾਦਰ ਸਾਹਿਬ ਪੰਜਾਬ ਪਰਤ ਆਏ ਹਨ ਤਾਂ ਦੂਰ-ਦੁਰੇਡੇ ਦੇ ਇਲਾਕਿਆਂ ਤੋਂ ਸੰਗਤਾਂ ਦਸਵੰਧ ਦੀ ਰਕਮ ਲੈ ਕੇ ਦਰਸ਼ਨਾਂ ਲਈ ਉਮੜ ਪਈਆਂ, ਆਨੰਦਪੁਰ ਸਾਹਿਬ ਵਿਖੇ ਸੰਗਤਾਂ ਦਾ ਇਕੱਠ ਹਰ ਰੋਜ ਵਧਣ ਲੱਗਾ। ਵੇਖਦਿਆਂ-ਵੇਖਦਿਆਂ ਨਵ-ਨਿਰਮਾਣ ਦੇ ਕਾਰਜਾਂ ਵਿਚ ਤੇਜੀ ਆ ਗਈ। ਪਰ ਗੁਰੂਦੇਵ ਜੀ ਨੇ ਮਹਿਸੂਸ ਕੀਤਾ ਕਿ ਹਾਲੇ ਪਰਿਵਾਰ ਨੂੰ ਵਾਪਸ ਨਾ ਬੁਲਾਇਆ ਜਾਵੇ, ਕਿਉਂਕਿ ਕੁਝ ਵਿਸ਼ੇਸ਼ ਭਵਨ ਨਿਰਮਾਨ ਕਰਨੇ ਹਨ ਅਤੇ ਭਵਿੱਖ ਵਿਚ ਹੋਣ ਵਾਲੀ ਰਾਜਨੀਤਕ ਉੱਥਲ-ਪੁੱਥਲ ਦਾ ਸਾਹਮਣਾ ਕਰਨ ਦੇ ਲਈ ਖੁਦ ਨੂੰ ਸੁਰਖਿਅਤ ਕਰਨਾ ਹੈ।

## ਸ਼ਹੀਦੀ ਸ੍ਰੀ ਗੁਰੂਤੇਗ ਬਹਾਦਰ ਸਾਹਿਬ ਜੀ

ਮਾਨਵ ਇਤਿਹਾਸ ਵਿਚ ਸ਼ਹੀਦ ਤਾਂ ਅਣਗਿਣਤ ਹੋਏ ਹਨ ਪਰ ਸ੍ਰੀ ਗੁਰੂਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਥਵਾ ਆਤਮ-ਬਲਿਦਾਨ ਬੇ-ਜੋੜ ਘਟਨਾ ਹੈ, ਜਿਸਦੀ ਕੋਈ ਹੋਰ ਮਿਸਾਲ ਲੱਭਿਆਂ ਵੀ ਨਹੀਂ ਲੱਭਦੀ। ਇਸ ਸ਼ਹੀਦੀ ਕਾਂਡ ਵਿੱਚ ਹੈਰਾਨੀਜਨਕ ਗੱਲ ਇਹ ਹੈ ਕਿ ਗੁਰੂਜੀ ਨ ਕਿਸੇ ਹੋਰ ਦੂਜੇ ਧਰਮ ਦੇ ਮੰਨਣ ਵਾਲਿਆਂ ਦੇ ਪ੍ਰਾਣ ਬਚਾਉਣ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਕੇ ਦੁਨੀਆਂ ਦੇ ਸਾਹਮਣੇ ਧਰਮੀ ਦੀ ਪਰਿਭਾਸ਼ਾ ਪੇਸ਼ ਕਰ ਦਿੱਤੀ ਕਿ ਅਸਲੀ ਧਰਮ ਕੀ ਹੈ? ਉਨ੍ਹਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਸੱਚ ਤੇ ਆਧਾਰਿਤ ਨਿਰਾਕਾਰ ਪ੍ਰਭੂਦੇ ਚਿੰਤਨ ਵਿਚ ਮਗਨ ਜੀਵਨ ਸ਼ੈਲੀ ਹੀ ਅਸਲੀ ਧਰਮ ਹੈ। ਸ਼ਕਤੀ ਦੀ ਵਰਤੋਂ ਨਾਲ ਧਰਮ ਪ੍ਰਤੀ ਸ਼ਰਧਾ ਵਿਚ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਅਜਿਹਾ ਕੰਮ ਜਿਥੇ ਅਨੈਤਿਕਤਾ ਹੈ, ਉਥੇ ਪਰਮਾਤਮਾ ਦੀ ਨਜ਼ਰ ਵਿਚ ਵੀ ਘਿਨਾਉਣਾ

ਅਪਰਾਧ ਹੈ। ਇਸ ਲਈ ਉਨ੍ਹਾਂ ਨੇ ਧਰਮ ਨੂੰ ਪ੍ਰੇਮ ਦਾ ਮਾਰਗ ਦੱਸਦਿਆਂ ਹੋਇਆਂ ਉਸ ਸਮੇਂ ਮਜ਼ਬੂਰ ਅਤੇ ਕਮਜ਼ੋਰ ਪਰਜਾ ਦੇ ਵਿਸ਼ਾਲ ਵਰਗ ਦੇ ਹੱਕ ਵਿਚ ਪ੍ਰਸ਼ਾਸਨ ਦਾ ਵਿਰੋਧ ਕੀਤਾ ਅਤੇ ਇਸੇ ਸੰਘਰਸ਼ ਵਿਚ ਆਪਣੇ ਪ੍ਰਾਣਾਂ ਦੀ ਕੁਰਬਾਨੀ ਦੇਕੇ ਆਮ ਲੋਕਾਂ ਦੇ ਹਿੱਤਾਂ ਨੂੰ ਸੁਰਖਿਅਤ ਕੀਤਾ।

## ਔਰਗਜ਼ੇਬ ਦੁਆਰਾ ਹਿੰਦੂਆਂ ਦੇ ਅਤਿਆਚਾਰ

ਔਰਗਜ਼ੇਬ ਨੇ ਸਮਰਾਟ ਬਣਦਿਆਂ ਹੀ ਹਿੰਦੂਆਂ ਤੇ ਅਤਿਆਚਾਰ ਕਰਨੇ ਸ਼ੁਰੂਕਰ ਦਿੱਤੇ। ਸਰਕਾਰੀ ਹੁਕਮ ਰਾਹੀਂ ਐਲਾਨ ਕੀਤਾ ਗਿਆ ਕਿ ਹਿੰਦੂਆਂ ਦੇ ਮੰਦਰਾਂ ਨੂੰ ਇਕਦਮ ਢਾਹ ਦਿੱਤਾ ਜਾਵੇ। 2 ਨਵੰਬਰ 1665 ਈਸਵੀ ਨੂੰ ਸ਼ਾਹੀ ਫ਼ਰਮਾਨ ਦੁਆਰਾ ਔਰਗਜ਼ੇਬ ਨੇ ਹੁਕਮ ਦਿੱਤਾ ਕਿ ਅਹਿਮਦਾਬਾਦ ਅਤੇ ਗੁਜਰਾਤ ਦੇ ਪਰਗਨਿਆਂ ਵਿਚ ਉਸਦੇ ਗੱਦੀ ਤੇ ਬੈਠਣ ਤੋਂ ਪਹਿਲਾਂ ਕਈ ਮੰਦਰ ਉਸਦੇ ਹੁਕਮ ਨਾਲ ਤਹਿਸਨਹਿਸ ਕਰ ਦਿੱਤੇ ਗਏ ਸਨ, ਪਰ ਉਨ੍ਹਾਂ ਦੀ ਫਿਰ ਉਸਾਰੀ ਕਰ ਲਈ ਗਈ ਹੈ ਅਤੇ ਮੂਰਤੀ-ਪੂਜਾ ਫਿਰ ਸ਼ੁਰੂਹੋ ਗਈ ਹੈ। ਹੁਣ ਦੁਬਾਰਾ ਉਸਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਢਹਿ-ਢੇਰੀ ਕਰ ਦਿੱਤਾ ਜਾਵੇ।

ਹੁਕਮ ਮਿਲਦ ਦੀ ਹੀ ਦੇਰ ਸੀ ਕਿ ਮੰਦਰ ਫਿਰ ਤੋਂ ਧੜਾਧੜ ਢਾਹੇ ਜਾਣ ਲੱਗੇ। ਮਥੁਰਾ ਦਾ ਕੇਸ਼ਵਰਾਇ ਦਾ ਪ੍ਰਸਿੱਧ ਮੰਦਰ, ਬਨਾਰਸ ਦਾ ਗੋਪੀਨਾਥ ਮੰਦਰ, ਉਦੈਪੁਰ ਦੇ 235 ਮੰਦਰ, ਅੰਬਰ ਦੇ 66, ਜੈਪੁਰ, ਉਜੈਨ ਗੋਲਕੁੰਡਾ, ਵਿਜੈਪੁਰ ਅਤੇ ਮਹਾਂਰਾਸ਼ਟਰ ਦੇ ਅਣਗਿਣਤ ਮੰਦਰ ਢਾਹ ਦਿੱਤੇ ਗਏ। ਇਥੇ ਹੀ ਬੱਸ ਨਹੀਂ ਹੋਈ, 1665 ਈ: ਦੇ ਹੀ ਇੱਕ ਹੋਰ ਫ਼ਰਮਾਨ ਦੁਆਰਾ ਦਿੱਲੀ ਦੇ ਹਿੰਦੂਆ ਨੂੰ ਯਮੁਨਾ ਨਦੀ ਦੇ ਕੰਢੇ ਮ੍ਰਿਤਕਾਂ ਦਾ ਦਾਹ-ਸੰਸਕਾਰ ਕਰਨ ਦੀ ਵੀ ਮਨਾਹੀ ਕਰ ਦਿੱਤੀ ਗਈ, ਹਿੰਦੂਆਂ ਦੇ ਧਾਰਮਿਕ ਰੀਤੀ ਰਿਵਾਜਾਂ ਤੇ ਔਰੰਗਜ਼ੇਬ ਦਾ ਇਹ ਸਿੱਧਾ ਹਮਲਾ ਸੀ। ਇਸਦੇ ਨਾਲ ਹੀ ਵਿਸ਼ੇਸ਼ ਹੁਕਮ ਜਾਰੀ ਕੀਤਾ ਗਿਆ ਕਿ ਸਾਰੇ ਹਿੰਦੂਆਂ ਨੂੰ ਇੱਕ ਵਿਸ਼ੇਸ਼ ਕਰ (ਟੈਕਸ) ਦੁਬਾਰਾ ਤੋਂ ਦੇਣਾ ਪਵੇਗਾ, ਜਿਸਨੂੰ ਜਜੀਆ ਕਿਹਾ ਜਾਂਦਾ ਸੀ। ਕੁਝ ਨਰੇਸ਼ਾਂ ਨੂੰ ਛੱਡ ਕੇ ਸਾਰੇ ਹਿੰਦੂਆਂ ਨੂੰ ਘੋੜੇ ਅਤੇ ਹਾਥੀ ਦੀ ਸਵਾਰੀ ਕਰਨ ਤੋਂ ਰੋਕ ਦਿੱਤਾ ਗਿਆ। ਇਸੇ ਤਰ੍ਹਾਂ ਦੇ ਕੁਝ ਹੋਰ ਹੁਕਮ ਵੀ ਜਾਰੀ ਕੀਤੇ ਗਏ, ਜਿਨ੍ਹਾਂ ਕਰਕੇ ਹਿੰਦੂਆ ਦੇ ਆਤਮ-ਸਨਮਾਨ ਨੂੰ ਸਦਮਾ ਪਹੁੰਚਿਆ। ਇਨ੍ਹਾਂ ਸਾਰੀਆਂ ਗੱਲਾਂ ਦਾ ਭਾਵ ਇਹ ਹੈ ਕਿ ਹਿੰਦੂਲੋਕ ਤੰਗ ਆ ਕੇ ਆਪ ਹੀ ਇਸਲਾਮ ਸਵੀਕਾਰ ਕਰ ਲੈਣ। ਦੂਜੇ ਪਾਸੇ ਹਿੰਦੂਆਂ ਵਲੋਂ ਇਸ ਪ੍ਰਕਾਰ ਦੇ ਹੁਕਮਾਂ ਦੇ ਕਈ ਥਾਵਾਂ ਤੇ ਵਿਦਰੋਹ ਹੋਏ, ਇਨ੍ਹਾਂ ਵਿਚ ਮੱਧ ਭਾਰਤ ਦੇ ਸਥਾਨ ਜ਼ਿਆਦਾ ਸਨ। ਸਰਕਾਰੀ ਸੈਨਾ ਨੇ ਵਿਦਰੋਹ ਕੁਚਲ ਦਿੱਤੇ ਅਤੇ ਹਿੰਦੂਆਂ ਦਾ ਕਚੂਮਰ ਕੱਢ ਦਿੱਤਾ। ਪਰ ਸੈਨਾ ਨੂੰ ਵੀ ਹਾਨੀ ਸਹਿਣੀ ਪਈ। ਅੰਤ ਔਰੰਗਜ਼ੇਬ ਨੂੰ ਆਪਣੀ ਨੀਤੀ ਨੂੰ ਲਾਗੂਕਰਨ ਲਈ ਨਵੀਆਂ ਤਰਕੀਬਾਂ ਨੂੰ ਅਮਲ ਵਿਚ ਲਿਆਉਣ ਦੀ ਸੁੱਝੀ ਅਤੇ ਉਸਨੇ ਕੂਟਨੀਤੀ ਦਾ ਰਾਹ ਅਪਣਾਇਆ ਸੰਨ 1669-7● ਵਿਚ ਉਸਨੇ ਪੂਰੀ ਤਰ੍ਹਾਂ ਮਨ ਬਣਾ ਲਿਆ ਸੀ ਕਿ ਇਸਲਾਮ ਦੇ ਪ੍ਰਚਾਰ ਲਈ ਇੱਕ ਸਿਰੇ ਤੋਂ ਸਿਲਸਿਲੇਵਾਰ ਕੰਮ ਅਰੰਭਿਆ ਜਾਵੇ। ਉਸਨੇ ਇਸ ਉਦੇਸ਼ ਦੇ ਲਈ ਕਸ਼ਮੀਰ ਨੂੰ ਚੁਣਿਆ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਕਸ਼ਮੀਰ ਹਿੰਦੂਸਭਿਅਤਾ ਅਤੇ ਸੰਸਕ੍ਰਿਤੀ ਦਾ ਗੜ੍ਹ ਸੀ। ਉੱਥੋਂ ਦੇ ਪੰਡਿਤ ਹਿੰਦੂਧਰਮ ਦੇ ਵਿਦਵਾਨਾਂ ਦੇ ਰੂਪ ਵਿੱਚ ਪ੍ਰਸਿੱਧ ਸਨ। ਔਰੰਗਜ਼ੇਬ ਨੇ ਸੋਚਿਆ ਕਿ ਜੇ ਇਹ ਲੋਕ ਇਸਲਾਮ ਅਪਨਾ ਲੈਣਗੇ ਤਾਂ ਬਾਕੀ ਅਨਪੜ੍ਹ ਤੇ ਸਿੱਧੀ

ਸਾਧੀ ਜਨਤਾ ਨੂੰ ਇਸਲਾਮ ਵਿਚ ਲਿਆਉਣਾ ਅਸਾਨ ਹੋ ਜਾਵੇਗਾ ਅਤੇ ਨਾਲ ਹੀ ਅਜਿਹੇ ਵਿਦਵਾਨ, ਸਮਾਂ ਆਉਣ ਤੇ ਇਸਲਾਮ ਦੇ ਪ੍ਰਚਾਰ ਵਿਚ ਸਹਾਇਕ ਹੋਣਗੇ। ਆਮ ਜਨਤਾ ਨੂੰ ਧਰਮ ਦੇ ਦਾਇਰੇ ਵਿਚ ਲਿਆਉਣ ਦਾ ਯਤਨ ਕਰਨਗੇ। ਅਖੀਰ ਉਸਨੇ ਇਫਤਖਾਰ ਖ਼ਾਨ ਨੂੰ ਸ਼ੇਰ ਅਫਗਾਨ ਦਾ ਖ਼ਿਤਾਬ ਦੇ ਕੇ ਕਸ਼ਮੀਰ ਭੇਜ ਦਿੱਤਾ ਅਤੇ ਉਸਦੇ ਥਾਂ ਤੇ ਲਾਹੌਰ ਦਾ ਗਰਵਨਰ ਫਿਦਾਇਰ ਖ਼ਾਨ ਨੂੰ ਨਿਯੁਕਤ ਕੀਤਾ।

## ਗੁਰੂਦਰਬਾਰ ਵਿਚ ਕਸ਼ਮੀਰੀ ਪੰਡਤਾਂ ਦੀ ਪੁਕਾਰ

ਇਫਤਖਾਰ ਖ਼ਾਨ ਨੇ ਪੰਡਤਾਂ ਤੇ ਅਤਿਆਚਾਰ ਕਰਨੇ ਸ਼ੁਰੂਕਰ ਦਿੱਤੇ। ਹਿੰਦੂਆਂ ਨੂੰ ਜਬਰਦਸਤੀ ਤਾਕਤ ਦੀ ਵਰਤੋਂ ਕਰਕੇ ਮੁਸਲਮਾਨ ਬਣਾਇਆ ਜਾਣ ਲੱਗਾ। ਇਨਕਾਰ ਕਰਨ ਵਾਲਿਆਂ ਨੂੰਸਜਾਏ ਮੌਤ ਦਿੱਤੀ ਜਾਣ ਲੱਗੀ। ਇਨ੍ਹਾਂ ਅਤਿਆਚਾਰਾਂ ਦੇ ਵਿਰੁੱਧ ਕਸ਼ਮੀਰ ਦੇ ਲੋਕਾਂ ਦੀ ਪੁਕਾਰ ਸੁਨਣ ਵਾਲਾ ਕੋਈ ਨਹੀਂ ਸੀ। ਪੰਡਤਾਂ ਨੇ ਆਪਣੇ ਧਾਰਮਿਕ ਵਿਸ਼ਵਾਸਾਂ ਦੇ ਅਨੁਸਾਰ ਦੇਵੀ-ਦੇਵਤਿਆਂ ਦੀ ਅਰਾਧਨਾ ਕੀਤੀ। ਉਨ੍ਹਾਂ ਦੇ ਅੱਗੇ ਹਿੰਦੂਧਰਮ ਦੀ ਰੱਖਿਆ ਦੇ ਲਈ ਸਹਾਇਤਾ ਕਰਨ ਦੀ ਪ੍ਰਾਥਨਾ ਕੀਤੀ ਪਰ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਦਾ ਕੋਈ ਅਸਰ ਨਾ ਹੋਇਆ, ਕਿਸੇ ਵੀ ਦੈਵੀ ਸ਼ਕਤੀ ਨੇ ਉਨ੍ਹਾਂ ਦੀ ਸਹਾਇਤਾ ਨਾ ਕੀਤੀ, ਅਖੀਰ ਲਾਚਾਰ ਹੋ ਕੇ ਹਿੰਦੂਆਂ ਨੇ ਇੱਕ ਸਭਾ ਬੁਲਾਈ ਤਾਂਕਿ ਧਰਮ ਸੁਰੱਖਿਅਤ ਕੀਤਾ ਜਾ ਸਕੇ। ਅੰਤ ਵਿੱਚ ਉਹ ਇਸ ਨਤੀਜੇ ਤੇ ਪਹੁੰਚੇ ਕਿ ਗੁਰੂਨਾਨਕ ਦੇਵ ਜੀ ਦੇ ਨੌਵੇਂ ਉਤਰਾਧਿਕਾਰੀ ਗੁਰੂਤੇਗ ਬਹਾਦਰ ਜੀ ਦੇ ਕੋਲ ਜਾ ਕੇ ਇਹ ਸਮੱਸਿਆ ਦੱਸੀ ਜਾਵੇ। ਕਿਉਂਕਿ ਉਸ ਵੇਲੇ ਕੇਵਲ ਉਹ ਹੀ ਮਾਨਵਤਾ ਅਤੇ ਧਰਮ ਨਿਰਪੱਖਤਾ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਵਾਲੇ ਸਨ। ਮਟਨ ਨਿਵਾਸੀ ਕਿਰਪਾ ਰਾਮ ਜੋ ਕਿ ਗੋਬਿੰਦ ਰਾਇ ਜੀ ਨੂੰ ਸੰਸਕ੍ਰਿਤ ਪੜ੍ਹਾਉਂਦੇ ਸਨ ਅਤੇ ਉਨ੍ਹਾਂ ਦਿਨਾਂ ਵਿਚ ਛੁੱਟੀਆਂ ਲੈ ਕੇ ਘਰ ਆਏ ਹੋਏ ਸਨ, ਦੀ ਅਗਵਾਈ ਵਿਚ ਕਸ਼ਮੀਰੀ ਪੰਡਤਾਂ ਦਾ ਇੱਕ ਪ੍ਰਤਿਨਿਧ ਮੰਡਲ ਪੰਜਾਬ ਵਿੱਚ ਆਨੰਦਪੁਰ (ਸਾਹਿਬ) ਪੁੱਜਾ। ਅਸਲ ਵਿਚ ਉਹ ਇੱਕ ਬੜੀ ਮੁਸ਼ਕਲ ਸਮੱਸਿਆਂ ਲੈ ਕੇ ਗੁਰੂਜੀ ਕੋਲ ਆਏ ਸਨ। ਕਸ਼ਮੀਰੀ ਗੈਰ-ਮੁਸਲਮਾਨਾਂ ਤੇ ਹੋਣ ਵਾਲੇ ਅਤਿਆਚਾਰਾਂ ਦਾ ਵੇਰਵਾ ਸੁਣ ਕੇ ਗੁਰੂਤੇਗ ਬਹਾਦਰ ਜੀ ਗੰਭੀਰ ਹੋ ਗਏ ਅਤੇ ਦੁੱਖ ਵਿਚ ਪਸੀਜ ਗਏ। ਪ੍ਰਤਿਨਿਧ ਮੰਡਲ ਨੇ ਗੁਰੂਜੀ ਨੂੰ ਕਿਹਾ:-ਉਨ੍ਹਾਂ ਨੂੰ ਔਰੰਗਜੇਬ ਦੇ ਕਹਿਰ ਅਤੇ ਹਿੰਦੂਧਰਮ ਦੀ ਰੁੜ੍ਹਦੀ ਤੇ ਡੁੱਬਦੀ ਜਾਂਦੀ ਬੇੜੀ ਨੂੰ ਬਚਾਉਣ ਲਈ ਯਤਨ ਕੀਤਾ ਜਾਵੇ। ਗੁਰੂਜੀ ਵੀ ਜਬਰਦਸਤੀ ਅਤੇ ਅਤਿਆਚਾਰ ਰਾਹੀਂ ਕਿਸੇ ਦਾ ਧਰਮ ਬਦਲਣ ਦੇ ਸਖਤ ਖਿਲਾਫ ਸਨ। ਉਹ ਆਪ ਆਮ ਜਨਤਾ ਵਿਚ ਜਾਗਰਤੀ ਲਿਆਉਣ ਦਾ ਉਪਦੇਸ਼ ਦੇ ਰਹੇ ਸਨ ਕਿ ਨਾ ਡਰੋ ਅਤੇ ਨਾ ਡਰਾਓ ਅਰਥਾਤ

**ਭੈ ਕਾਹੂਕਉ, ਦੇਤ ਨਹਿ, ਨਹਿ ਭੈ ਮਾਨਤ ਆਨਿ॥**

ਇਸ ਲਈ ਪ੍ਰਤਿਨਿਧ ਮੰਡਲ ਦੀ ਬੇਨਤੀ ਤੇ ਨੌਵੇਂ ਗੁਰੁਦੇਵ ਵਿਚਾਰ ਮਗਨ ਹੋ ਗਏ। ਉਸ ਸਮੇਂ ਗੁਰੂਜੀ ਦੇ ਨੌ ਸਾਲ ਦੇ ਪੁੱਤਰ ਗੋਬਿੰਦ ਰਾਇ ਜੀ ਦਰਬਾਰ ਵਿੱਚ ਹਾਜ਼ਰ ਹੋਏ। ਜਦੋਂ ਉਨ੍ਹਾਂ ਨੇ ਹਰ ਰੋਜ਼ ਦੇ ਖੁਸ਼ੀ ਵਾਲੇ ਮਾਹੌਲ ਦੇ ਉਲਟ ਉਸ ਥਾਂ ਤੇ ਸੰਨਾਟਾ ਅਤੇ ਗੰਭੀਰ ਵਾਤਾਵਰਣ ਦੇਖਿਆ ਤਾਂ ਬਾਲ ਗੋਬਿੰਦ ਰਾਇ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ:- "ਪਿਤਾ ਜੀ ਅੱਜ ਕੀ ਗੱਲ ਹੈ? ਤੁਹਾਡੇ ਦਰਬਾਰ ਵਿਚ ਭਜਨ ਕੀਰਤਨ ਦੀ ਥਾਂ ਤੇ ਇਹ ਸਾਂਤ ਮਾਹੌਲ ਕਿਉਂ ਹੈ?"

ਗੁਰੂਜੀ ਨੇ ਉਸ ਸਮੇਂ ਬਾਲ ਗੋਬਿੰਦ ਰਾਇ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਅਤੇ ਕਿਹਾ "ਪੁੱਤਰ! ਤੁਸੀਂ ਖੇਡਣ ਲਈ ਜਾਓ।" ਪਰ ਗੋਬਿੰਦ ਰਾਇ ਕਿੱਥੇ ਮੰਨਣ ਵਾਲੇ ਸਨ। ਆਪਣੇ ਪ੍ਰਸ਼ਨ ਨੂੰ ਦੁਹਰਾਉਂਦੇ ਹੋਏ ਉਹ ਕਹਿਣ ਲੱਗੇ: "ਪਿਤਾ ਜੀ ਖੇਡਣਾ ਤਾਂ ਚਲਦਾ ਹੀ ਰਹਿੰਦਾ ਹੈ। ਮੈਂ ਤਾਂ ਬਸ ਇਹ ਜਾਨਣਾ ਚਾਹੁੰਦਾ ਹਾਂ ਕਿ ਇਹ ਸੱਜਣ ਕੌਣ ਹਨ? ਇਨ੍ਹਾਂ ਦੇ ਚਿਹਰਿਆਂ ਤੇ ਏਨੀ ਉਦਾਸੀ ਕਿਉਂ ਹੈ?"

ਗੁਰੂਜੀ ਨੇ ਦੱਸਿਆਂ, "ਇਹ ਲੋਕ ਕਸ਼ਮੀਰ ਦੇ ਪੰਡਿਤ ਹਨ। ਇਨ੍ਹਾਂ ਦਾ ਧਰਮ ਖਤਰੇ ਵਿਚ ਹੈ। ਇਹ ਚਾਹੁੰਦੇ ਹਨ ਕਿ ਕੋਈ ਅਜਿਹਾ ਹੱਲ ਲੱਭਿਆ ਜਾਵੇ ਜਿਸ ਨਾਲ ਔਰੰਗਜ਼ੇਬ ਹਿੰਦੂਆਂ ਨੂੰ ਮੁਸਲਮਨ ਬਣਾਉਣ ਦਾ ਆਪਣਾ ਹੁਕਮ ਵਾਪਸ ਲੈ ਲਵੇ।" ਗੋਬਿੰਦ ਰਾਇ ਜੀ ਗੁਰੂਜੀ ਤੋਂ ਪੁੱਛਣ ਲੱਗੇ, "ਤੁਸੀਂ ਫਿਰ ਕੀ ਸੋਚਿਆ ਹੈ?" ਗੁਰੂਜੀ ਨੇ ਕਿਹਾ, "ਬੇਟਾ ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਔਰੰਗਜ਼ੇਬ ਦੀ ਇਸ ਨੀਤੀ ਦੇ ਵਿਰੋਧ ਵਿਚ ਕੋਈ ਮਹਾਨ ਸ਼ਖਸੀਅਤ ਆਪਣੀ ਕੁਰਬਾਨੀ ਦੇਵੇ।" ਇਹ ਸੁਣ ਕੇ ਗੋਬਿੰਦ ਰਾਇ ਜੀ ਬੋਲੇ, "ਫਿਰ ਦੇਰ ਕਿਸ ਗੱਲ ਦੀ ਹੈ? ਤੁਹਾਡੇ ਤੋਂ ਵੱਡਾ ਧਰਮ ਰਖਿਅਕ ਅਤੇ ਹਰਮਨ ਪਿਆਰਾ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ? ਇਹ ਪੰਡਿਤ ਜਦ ਤੁਹਾਡੀ ਸ਼ਰਨ ਵਿਚ ਆਏ ਹਨ ਤਾਂ ਤੁਸੀ ਇਨ੍ਹਾਂ ਦੇ ਧਰਮ ਦੀ ਰੱਖਿਆ ਕਰੋ। ਕਿਉਂਕਿ ਗੁਰੂਨਾਨਕ ਦੇਵ ਜੀ ਦੇ ਉਤਰਾਧਿਕਾਰੀ ਹੋਣ ਦੇ ਨਾਤੇ, ਉਨ੍ਹਾਂ ਦੇ ਸਿਧਾਂਤਾਂ ਤੇ ਪਹਿਰਾ ਦੇਣਾ ਤੁਹਾਡਾ ਫ਼ਰਜ਼ ਹੈ। ਉਨ੍ਹਾਂ ਦਾ ਕਥਨ ਹੈ:- "ਜੋ ਸ਼ਰਨ ਆਇ ਤਿਸ ਕੰਠਿ ਲਾਏ।" ਇਹੀ ਉਨ੍ਹਾਂ ਦੀ ਬਿਰਦ ਹੈ। ਗੋਬਿੰਦ ਰਾਇ ਦੇ ਮੂੰਹੋ ਹੋਏ ਵਚਨ ਸੁਣ ਕੇ ਗੁਰੂਤੇਗ ਬਹਾਦਰ ਜੀ ਬਹੁਤ ਖੁਸ਼ ਹੋਏ ਅਤੇ ਬੋਲੇ, "ਬੇਟਾ, ਤੇਰੇ ਤੋਂ ਮੈਨੂੰ ਇਹੀ ਆਸ ਸੀ। ਬਸ ਮੈਂ ਇਹੀ ਸੁਣਨ ਦੀ ਉਡੀਕ ਕਰ ਰਿਹਾ ਸੀ।" ਸੰਗਤ ਵੀ ਗੋਬਿੰਦ ਰਾਇ ਦੇ ਵਿਚਾਰ ਸੁਣ ਕੇ ਹੈਰਾਨ ਅਤੇ ਭਾਵੁਕ ਹੋ ਗਈ।

ਗੁਰੁਦੇਵ ਨੇ ਤਦ ਕਸ਼ਮੀਰੀ ਪੰਡਿਤਾਂ ਨੂੰ ਔਰੰਗਜ਼ੇਬ ਦੇ ਕੋਲ ਇਹ ਸੁਨੇਹਾ ਦੇ ਕੇ ਦਿੱਲੀ ਭੇਜਿਆ ਕਿ ਉਸਦੀ ਧਰਮ ਪਰਿਵਰਤਨ ਮੁਹਿੰਮ ਦੇ ਵਿਸ਼ੇ ਵਿਚ ਗੁਰੂਨਾਨਕ ਦੇਵ ਦੇ ਨੌਵੇਂ ਉਤਰਾਧਿਕਾਰੀ ਗੁਰੂਤੇਗ ਬਹਾਦਰ ਜੀ ਉਸ ਨਾਲ ਗੱਲਬਾਤ ਕਰਨਾ ਚਾਹੁੰਦੇ ਹਨ। ਜੇ ਗੁਰੂਤੇਗ ਬਹਾਦਰ ਜੀ ਉਸਦੀ ਇਸ ਮੁਹਿੰਮ ਦਾ ਸਮਰਥਨ ਕਰਨਗੇ ਤਾਂ ਉਹ ਆਪ ਹੀ ਇਸਲਾਮ ਕਬੂਲ ਕਰ ਲੈਣਗੇ। ਬਸ ਫਿਰ ਕੀ ਸੀ। ਇਸ ਸੁਨੇਹੇ ਦੇ ਮਿਲਦਿਆਂ ਹੀ ਔਰੰਗਜ਼ੇਬ ਬਹੁਤ ਖੁਸ਼ ਹੋਇਆ। ਉਸਦਾ ਵਿਚਾਰ ਸੀ ਕਿ ਸਮੂਹ ਪੰਡਤਾਂ ਅਤੇ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਦਾ ਤਰੀਕਾ ਲੱਭ ਗਿਆ ਹੈ।

ਮੁਗਲ ਸਮਰਾਟ ਔਰੰਗਜ਼ੇਬ ਦੇ ਮਨ ਵਿੱਚ ਇਕ ਵਿਚਾਰ ਪੈਦਾ ਹੋਇਆ ਕਿ ਜੇ ਉਹ ਪੂਰੇ ਭਾਰਤ ਦੀ ਬਹੁ ਗਿਣਤੀ ਹਿੰਦੂਜਨਤਾ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰ ਦੇਵੇ ਤਾਂ ਉਸ ਦਾ ਸਾਮਰਾਜ ਕਦੇ ਵੀ ਖਤਮ ਨਹੀਂ ਹੋਵੇਗਾ। ਇਸ ਵਿਚਾਰ ਨੂੰ ਅਮਲੀ ਰੂਪ ਦੇਣ ਲਈ ਓਹ ਅਣਗਿਣਤ ਤਰੀਕੇ ਸੋਚਣ ਲੱਗਾ। ਆਪਣੇ ਇਸ ਉਦੇਸ਼ ਦੀ ਪ੍ਰਾਪਤੀ ਇਸ ਸੰਕਟ ਦਾ ਕੋਈ ਹੱਲ ਕੱਢਣ ਦੀ ਤਰਕੀਬ ਸੋਚਣ ਲੱਗੇ, ਤਾਂਕਿ ਕਿਸੇ ਤਰ੍ਹਾਂ ਲਈ ਉਸਨੇ ਪਹਿਲਾਂ ਤਾਂ ਜ਼ੋਰ-ਜਬਰਦਸਤੀ ਕੀਤੀ, ਅਰਥਾਤ ਲੋਕਾਂ ਨੂੰ ਮੁਸਲਮਾਨ ਬਣਾਉਣ ਲਈ ਬਹੁਤ ਹੱਥ-ਕੰਡਿਆਂ ਦੀ ਵਰਤੋਂ ਕੀਤੀ। ਸਿੱਟੇ ਵੱਜੋ ਕਈ ਥਾਵਾਂ ਤੇ ਵਿਦਰੋਹ ਵੀ ਹੋਏ। ਇਸ ਦਮਨ ਚੱਕਰ ਵਿਚ ਬਹੁਤ ਸੈਨਿਕ ਵੀ ਮਾਰੇ ਗਏ। ਅਜਿਹਾ ਹੋਣ ਤੇ ਉਸਦੇ ਮੰਤਰੀਆਂ ਨੇ ਉਸਨੂੰ ਸਲਾਹ ਦਿੱਤੀ ਕਿ ਸ਼ਕਤੀ ਦੀ ਵਰਤੋਂ ਕਰਕੇ ਧਰਮ ਪਰਿਵਰਤਨ ਵਿਚ ਵਧੇਰੇ ਖਤਰੇ ਹਨ। ਇਸ ਤਰ੍ਹਾਂ ਮਕਸਦ ਦੀ ਸਫਲਤਾ ਯਕੀਨੀ ਨਹੀਂ। ਕਿਸੇ ਯੋਜਨਾ ਅਨੁਸਾਰ ਚਲਣਾ ਜ਼ਰੂਰੀ ਹੈ ਤਦ ਇਹ ਨੀਤੀ ਬਣਾਈ

ਗਈ ਕਿ ਹਿੰਦੂਸਭਿਅਤਾ ਦੇ ਮੂਲ ਸੋਮੇ ਕਸ਼ਮੀਰ ਦੇ ਹਿੰਦੂਵਿਦਵਾਨਾਂ ਨੂੰ ਜੇਕਰ ਇਸਲਾਮ ਕਬੂਲ ਕਰਵਾ ਲਿਆ ਜਾਵੇ ਤਾਂ ਇਹ ਲੰਬਾ ਅਤੇ ਖਤਰਿਆਂ ਭਰਪੂਰ ਕੰਮ ਬਹੁਤ ਸੌਖਾ ਹੋ ਜਾਵੇਗਾ।

ਦੂਜੇ ਪਾਸੇ ਹਿੰਦੂਧਰਮ ਵਿੱਚ ਫੁੱਟ ਅਤੇ ਕਮਜ਼ੋਰੀ ਐਨੀ ਜ਼ਿਆਦਾ ਆ ਚੁੱਕੀ ਸੀ ਕਿ ਉਨ੍ਹਾਂ ਦੀ ਸੁੱਖ ਸ਼ਾਂਤੀ ਖਤਮ ਹੋ ਚੁੱਕੀ ਸੀ। ਉਨ੍ਹਾਂ ਵਿਚ ਏਕਤਾ ਅਤੇ ਆਪਸੀ ਮਿਲ ਵਰਤੋਂ ਨਾ ਹੋਣ ਕਰਕੇ ਉਹ ਆਪਣੇ ਬਚਾਓ ਦੇ ਤਰੀਕੇ ਵੀ ਨਹੀਂ ਅਪਨਾ ਸਕਦੇ ਸਨ। ਇਸਲਾਮ ਅਪਨਾ ਕੇ ਉਹ ਜੇਤੂਸ਼ਾਸਕ ਸਮੂਹ ਦੇ ਮੈਂਬਰ ਬਣ ਸਕਦੇ ਸਨ। ਉਨ੍ਹਾਂ ਨੂੰ ਹਿੰਦੂਧਰਮ ਦੀਆਂ ਕਮਜ਼ੋਰੀਆਂ, ਉਚ ਨੀਚ ਦੇ ਭੇਦ-ਭਾਵ, ਘ੍ਰਿਣਾ ਆਦਿ ਤੋਂ ਸਦਾ ਦੇ ਲਈ ਛੁਟਕਾਰਾ ਮਿਲ ਸਕਦਾ ਸੀ। ਇਸ ਕਰਕੇ ਸ਼ੂਦਰ ਜਾਤੀਆਂ ਨੇ ਹਿੰਦੂਧਰਮ ਦੇ ਮੁਕਾਬਲੇ ਇਸਲਾਮ ਨੂੰ ਰਹਿਮਤ ਸਮਝਿਆ ਅਤੇ ਖੁਸ਼ੀ ਨਾਲ ਇਸਲਾਮ ਧਰਮ ਅਪਨਾਉਣਾ ਸ਼ੁਰੂਕਰ ਦਿੱਤਾ। ਇਨ੍ਹਾਂ ਪ੍ਰਵਿਰਤੀਆਂ ਦੇ ਕਾਰਨ ਉਨ੍ਹਾਂ ਨੂੰ ਜਬਰਦਸਤੀ ਮੁਸਲਮਾਨ ਬਣਾਉਣ ਵੱਲ ਔਰੰਗਜ਼ੇਬ ਦਾ ਕੋਈ ਖਾਸ ਧਿਆਨ ਨਹੀਂ ਸੀ। ਉਹ ਤਾਂ ਆਪਣੀ ਇੱਛਾ ਨਾਲ ਹੀ ਇਸਲਾਮ ਕਬੂਲ ਕਰਨ ਲੱਗ ਪਏ। ਇਸ ਲਈ ਔਰੰਗਜ਼ੇਬ ਤਾਂ ਕੇਵਲ ਉੱਚ ਜਾਤੀਆਂ ਨੂੰ ਹੀ ਜਬਰਦਸਤੀ ਸ਼ਕਤੀ ਦੀ ਵਰਤੋਂ ਕਰਕੇ ਮੁਸਲਮਾਨ ਬਣਾਉਣਾ ਚਾਹੁੰਦਾ ਸੀ।

ਇਹੀ ਕਾਰਨ ਸੀ ਕਿ ਉਸਨੇ ਕਸ਼ਮੀਰ ਵਿਚ ਧਰਮ ਪਰਿਵਰਤਨ ਤੇ ਸਾਰੀ ਸ਼ਕਤੀ ਲਗਾ ਦਿੱਤੀ। ਉਸ ਸਮੇਂ ਤੱਕ ਸਿੱਖਾਂ ਦੀ ਹਾਲਤ ਲੋੜੀਂਦੀ ਮਾਤਰਾ ਵਿੱਚ ਚੰਗੀ ਅਤੇ ਮਜਬੂਤ ਹੋ ਚੁੱਕੀ ਸੀ। ਸਿੱਖਾਂ ਦਾ ਕੁਝ ਦਬਦਬਾ ਵੀ ਬਣ ਚੁੱਕਾ ਸੀ। ਉਨ੍ਹਾਂ ਦਾ ਆਪਦਾ ਧਰਮ ਪ੍ਰਚਾਰ ਵੀ ਜਾਰੀ ਸੀ। ਗੁਰੂਹਰਗੋਬਿੰਦ ਸਾਹਿਬ, ਸਮੇਂ ਦੀ ਸਰਕਾਰ ਨਾਲ ਟੱਕਰ ਲੈ ਕੇ ਵਿਰੋਧੀ ਸੈਨਾਵਾਂ ਨੂੰ ਕਈ ਵਾਰ ਹਰਾ ਚੁੱਕੇ ਸਨ। ਸ਼ਾਇਦ ਇਸੇ ਕਰਕੇ ਕਸ਼ਮੀਰੀ ਬ੍ਰਾਹਮਣ ਆਪਣੀ ਦੁਖਦਾਈ ਕੱਥਾ ਲੈ ਕੇ ਗੁਰੂਤੇਗ ਬਹਾਦਰ ਜੀ ਕੋਲ ਆਏ ਸਨ।

ਔਰੰਗਜ਼ੇਬ ਨੇ ਤੁਰੰਤ ਆਪਣੇ ਦੂਤ ਆਨੰਦਪੁਰ ਸਾਹਿਬ ਭੇਜੇ ਅਤੇ ਗੁਰੂਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਲਿਆਉਣ ਲਈ ਕਿਹਾ ਉਨ੍ਹਾਂ ਦੂਤਾਂ ਨੇ ਗੁਰੂਜੀ ਨੂੰ ਔਰੰਗਜ਼ੇਬ ਦਾ ਸੰਦੇਸ਼ ਸੁਣਾਇਆ ਅਤੇ ਕਿਹਾ ਕਿ ਉਹ ਉਨ੍ਹਾਂ ਦੇ ਨਾਲ ਦਿੱਲੀ ਚੱਲਣ। ਜਵਾਬ ਵਿਚ ਗੁਰੂਜੀ ਨੇ ਕਿਹਾ, "ਉਨ੍ਹਾਂ ਰਾਹੀਂ ਔਰੰਗਜ਼ੇਬ ਦਾ ਸੰਦੇਸ਼ ਮਿਲ ਗਿਆ ਹੈ ਉਹ ਆਪ ਹੀ ਦਿੱਲੀ ਪਹੁੰਚ ਜਾਣਗੇ। ਅਜੇ ਉਨ੍ਹਾਂ ਨੇ ਗੁਰੂਧਾਮ ਦੇ ਕੁਝ ਜ਼ਰੂਰੀ ਕੰਮ ਕਰਨੇ ਹਨ।" ਇਸ ਜਵਾਬ ਨਾਲ ਦੂਤ ਦੁਵਿਧਾ ਵਿਚ ਫਸ ਗਏ ਪਰ ਕੁਝ ਪ੍ਰਮੁੱਖ ਸਿੱਖਾਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਗੁਰੂਦੇਵ ਵਚਨ ਦੇ ਪੂਰੇ ਹਨ, ਉਹ ਚਿੰਤਾਂ ਨਾ ਕਰਨ, ਗੁਰੂਜੀ ਜਲਦੀ ਹੀ ਦਿੱਲੀ ਪਹੁੰਚ ਜਾਣਗੇ। ਇਹ ਵਿਸ਼ਵਾਸ ਲੈ ਕੇ ਦੂਤ ਵਾਪਸ ਚਲੇ ਗਏ। ਇਸ ਦੇ ਬਾਅਦ ਗੁਰੂਜੀ ਨੇ ਪ੍ਰਮੁੱਖ ਸਿੱਖਾਂ ਦੀ ਸਭਾ ਬੁਲਾਈ ਅਤੇ ਉਸ ਵਿਚ ਫੈਸਲਾ ਲਿਆ ਗਿਆ ਕਿ ਗੁਰੂਜੀ ਪਹਿਲਾਂ ਉਨ੍ਹਾਂ ਥਾਵਾਂ ਤੇ ਜਾਣ, ਜਿਥੇ ਔਰੰਗਜ਼ੇਬ ਦੁਆਰਾ ਜਨਤਾ ਉਪਰ ਦਮਨ-ਚੱਕਰ ਚਲਾਇਆ ਜਾ ਰਿਹਾ ਹੈ। ਭੈ-ਭੀਤ ਜਨਤਾ ਨੂੰ ਜਾਗਰਿਤ ਕੀਤਾ ਜਾਵੇ ਅਤੇ ਉਨ੍ਹਾਂ ਦੇ ਨਾਲ ਹਮਦਰਦੀ ਪ੍ਰਗਟਾ ਕੇ ਉਨ੍ਹਾਂ ਦਾ ਮਨੋਬਲ ਵਧਾਇਆ ਜਾਵੇ। ਫਿਰ ਗੁਰੂਦੇਵ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਮਗਰੋਂ ਗੁਰੂਨਾਨਕ ਦੇਵ ਜੀ ਦੀ ਗੱਦੀ ਦੇ ਉਤਰਾਧਿਕਾਰੀ ਗੋਬਿੰਦ ਰਾਇ ਜੀ ਹੋਣਗੇ, ਪਰ ਲੋੜੀਂਦੀ ਕਾਰਵਾਈ ਸਮਾਂ ਆਉਣ ਤੇ ਕਰ ਦਿੱਤੀ ਜਾਵੇਗੀ।

ਜਦ ਗੁਰੂਜੀ ਦਿੱਲੀ ਵੱਲ ਚਾਲੇ ਪਾਉਣ ਲੱਗੇ ਤਾਂ ਉਨ੍ਹਾਂ ਨੇ ਆਪਣੇ ਨਾਲ ਪੰਜ ਵਿਸ਼ੇਸ਼ ਸਿੱਖਾਂ ਨੂੰ ਲਿਆ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਗੁਰਦਿੱਤਾ ਜੀ ਅਤੇ ਭਾਈ ਉਦੇ ਜੀ। ਮਾਤਾ ਨਾਨਕੀ ਜੀ ਅਤੇ ਪਤਨੀ ਗੁਜਰੀ ਜੀ ਬਹੁਤ ਵੈਰਾਗ ਕਰਨ ਲੱਗੇ। ਤਦ ਗੁਰੂਜੀ ਨੇ ਉਨ੍ਹਾਂ ਨੂੰ ਬ੍ਰਹਮ-ਗਿਆਨ ਦੀਆਂ ਗੱਲਾਂ ਦੱਸੀਆਂ ਅਤੇ ਉਨ੍ਹਾਂ ਦੇ ਵਿਵੇਕ ਨੂੰ ਜਾਗਰਿਤ ਕੀਤਾ। ਫਿਰ ਬਹੁਤ ਸੰਗਤ ਨਾਲ ਚਲਣ ਲੱਗੀ। ਇਸ ਤੇ ਗੁਰੂਜੀ ਨੇ ਇੱਕ ਲਕੀਰ ਖਿੱਚ ਕੇ ਸਾਰਿਆਂ ਨੂੰ ਆਦੇਸ਼ ਦਿੱਤਾ ਕਿ ਉਹ ਘਰਾਂ ਨੂੰ ਮੁੜ ਜਾਣ ਅਤੇ ਉਸ ਥਾਂ ਤੋਂ ਅੱਗੇ ਨਾ ਆਉਣ ਅਤੇ ਵਾਪਸ ਚਲੇ ਜਾਓ। ਇਸ ਪ੍ਰਕਾਰ ਸੰਗਤ ਵਾਪਸ ਚਲੀ ਗਈ ਅਤੇ ਗੁਰੂਜੀ ਆਨੰਦਪੁਰ ਸਾਹਿਬ ਤੋਂ ਪੰਜ ਸਿੱਖਾਂ ਸਮੇਤ ਰੋਪੜ ਪਹੁੰਚੇ।

ਗੁਰੂਜੀ ਨੇ ਜਦੋਂ ਦਿੱਲੀ ਪਹੁੰਚਣ ਲਈ ਚਾਲੇ ਪਾਏ ਤਾ ਦੇਸ਼ ਭਰ ਵਿਚ ਇਹ ਗੱਲ ਫੈਲ ਗਈ ਕਿ ਜੇ ਬਾਦਸ਼ਾਹ ਗੁਰੂਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਲਵੇ ਤਾਂ ਦੇਸ਼ ਦੇ ਸਾਰੇ ਗੈਰ-ਮੁਸਲਮਾਨ ਆਪਣਾ ਮਜ਼ਹਬ ਬਦਲ ਲੈਣਗੇ। ਇਸ ਗੱਲ ਦਾ ਸਪਸ਼ਟੀਕਰਣ ਕਰਦੇ ਹੋਏ ਗੁਰੂਜੀ ਲੋਕਾਂ ਨੂੰ ਤਸੱਲੀ ਦੇਂਦੇ ਹੋਏ ਅੱਗੇ ਵੱਧਦੇ ਗਏ। ਗੁਰੂਜੀ ਰੋਪੜ ਤੋਂ ਸੈਫਾਬਾਦ ਪਹੁੰਚੇ। ਉਥੇ ਉਨ੍ਹਾਂ ਦੇ ਲੋਕਾਂ ਦੀਆਂ ਗਲਤ ਫਹਿਮੀਆ ਦੂਰ ਕਰਦਿਆਂ ਹੋਇਆਂ ਉਨ੍ਹਾਂ ਨੂੰ ਹੌਸਲਾ ਦਿੱਤਾ ਅਤੇ ਪ੍ਰਮਾਤਮਾ ਤੇ ਭਰੋਸਾ ਰੱਖਣ ਲਈ ਕਿਹਾ। ਉਥੇ ਗੁਰੂਜੀ ਦੇ ਇੱਕ ਸ਼ਰਧਾਲੂਵਿਅਕਤੀ ਸੱਯਦ ਸੈਫਉਲ ਖ਼ਾਨ ਜੀ ਰਹਿੰਦੇ ਸਨ। ਗੁਰੂਜੀ ਉਸਦੇ ਪਿਆਰ ਦੇ ਬੱਝੇ ਕੁਝ ਦਿਨ ਉਥੇ ਠਹਿਰੇ। ਫਿਰ ਸੈਫਾਬਾਦ ਤੋਂ ਸਮਾਣਾ, ਕੈਥਲ, ਜੀਂਦ, ਕਨੌੜ ਹੁੰਦੇ ਹੋਏ ਅੱਗੇ ਵੱਧਣ ਲੱਗੇ। ਆਪ ਉਨ੍ਹਾਂ ਸਾਰੇ ਥਾਵਾਂ ਤੇ ਪਹੁੰਚੇ ਜਿਥੋਂ ਦੀ ਜਨਤਾ ਤੇ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਸ਼ਾਸਕ ਵਰਗ ਨੇ ਅਤਿਆਚਾਰ ਕੀਤੇ ਸਨ। ਇਨ੍ਹਾਂ ਅਤਿਆਚਾਰਾਂ ਦੇ ਸਤਾਏ ਲੋਕਾਂ ਨੇ ਕਈ ਥਾਵਾਂ ਤੇ ਕਬੀਲਿਆਂ ਸਹਿਤ ਵਿਦਰੋਹ ਕੀਤਾ ਸੀ। ਉਨ੍ਹਾਂ ਲੋਕਾਂ ਨੇ ਗੁਰੂਜੀ ਨੂੰ ਦੱਸਿਆ ਕਿ ਪ੍ਰਸ਼ਾਸਨ ਵਲੋਂ ਹੁਕਮ ਹੈ ਕਿ ਜੋ ਹਿੰਦੂਇਸਲਾਮ ਸਵੀਕਾਰ ਨਹੀਂ ਕਰਦੇ ਉਨ੍ਹਾਂ ਦੇ ਖੇਤ ਜ਼ਬਤ ਕਰ ਲਏ ਜਾਣ ਅਤੇ ਹਿੰਦੂਆਂ ਨੂੰ ਸਰਕਾਰੀ ਨੌਕਰੀਆਂ ਤੋਂ ਕੱਢ ਦਿੱਤਾ ਜਾਵੇ। ਇਸ ਦੇ ਉਲਟ ਜੇ ਕੋਈ ਹਿੰਦੂਇਸਲਾਮ ਕਬੂਲ ਕਰਦਾ ਹੈ ਤਾਂ ਉਸਨੂੰ ਸਰਕਾਰੀ ਨੌਕਰੀ ਅਤੇ ਉਨਤੀ ਦੇ ਸਾਰੇ ਸਾਧਨ ਮੁਹੱਈਆ ਕਰਵਾਏ ਜਾਂਦੇ ਹਨ। ਜੇ ਇਸ ਨੀਤੀ ਦੇ ਵਿਰੁੱਧ ਕੋਈ ਵਿਦਰੋਹ ਕਰਦਾ ਹੈ ਤਾਂ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਫਲਸਰੂਪ ਦਮਨ ਚੱਕਰ ਵਿਚ ਬਹੁਤ ਲੋਕ ਮਾਰੇ ਗਏ। ਗੁਰੂਜੀ ਨੇ ਉਥੋਂ ਦੀ ਭੈ-ਭੀਤ ਜਨਤਾ ਨੂੰ ਆਤਮ ਗਿਆਨ ਦੇ ਕੇ ਉਤਸਾਹਿਤ ਕੀਤਾ। ਜਾਗਰਤੀ ਕਰਨ ਦੀ ਇਹ ਮੁਹਿੰਮ ਬਹੁਤ ਸਫਲ ਰਹੀ। ਆਮ ਜਨਤਾ ਵਿਚ ਨਵੀਂ ਚੇਤਨਾ ਦਾ ਸੰਚਾਰ ਹੋਇਆ ਅਤੇ ਮੌਤ ਨੂੰ ਉਹ ਇੱਕ ਖੇਲ ਸਮਝਣ ਲੱਗੇ।

ਗੁਰੁਦੇਵ ਨੂੰ ਆਨੰਦਪੁਰ ਸਾਹਿਬ ਤੋਂ ਚਲਿਆਂ ਬਹੁਤ ਦਿਨ ਹੋ ਗਏ ਸਨ। ਦਿੱਲੀ ਵਿਖੇ ਔਰੰਗਜ਼ੇਬ ਉਨ੍ਹਾਂ ਦੀ ਬਹੁਤ ਬੇ-ਸਬਰੀ ਨਾਲ ਉਡੀਕ ਕਰ ਰਿਹਾ ਸੀ। ਜਦ ਗੁਰੂਜੀ ਨਹੀਂ ਪਹੁੰਚੇ ਤਾਂ ਉਸਨੇ ਗੁਰੂਜੀ ਨੂੰ ਲੱਭ ਕੇ ਗ੍ਰਿਫ਼ਤਾਰ ਕਰਕੇ ਲਿਆਉਣ ਦਾ ਹੁਕਮ ਦਿੱਤਾ ਅਤੇ ਗੁਰੂਜੀ ਦਾ ਪਤਾ ਟਿਕਾਣਾ ਦੱਸਣ ਵਾਲੇ ਲਈ ਇਨਾਮ ਦਾ ਐਲਾਨ ਕੀਤਾ।

ਆਗਰੇ ਵਿਚ ਇੱਕ ਗਰੀਬ ਵਿਅਕਤੀ ਜਿਸ ਦਾ ਨਾਮ ਸਯੱਦ ਹਸਨ ਅਲੀ ਸੀ, ਨੇ ਵਿਚਾਰ ਕੀਤਾ ਕਿ ਜੇ ਬਾਦਸ਼ਾਹ ਦੁਆਰਾ ਘੋਸ਼ਿਤ ਇਨਾਮ ਦੀ ਰਕਮ ਉਸਨੂੰ ਮਿਲ ਜਾਏ ਤਾਂ ਉਸਦੀ ਗਰੀਬੀ ਅਤੇ ਘਰੇਲੂਮਜ਼ਬੂਰੀਆਂ ਖਤਮ

ਹੋ ਜਾਣਗੀਆਂ, ਇਸ ਲਈ ਉਹ ਦਿਲੋਂ ਗੁਰੂਤੇਗ ਬਹਾਦੁਰ ਸਾਹਿਬ ਦੀ ਅਰਾਧਨਾ ਕਰਨ ਲੱਗਾ ਕਿ ਜੇ ਉਹ ਸੱਚਾ ਮੁਰਸ਼ਦ ਹੈ ਤਾਂ ਉਸ ਦੀ ਪੁਕਾਰ ਸੁਣੇ ਅਤੇ ਆਪਣੀ ਗ੍ਰਿਫਤਾਰੀ ਉਸਦੇ ਹਥੋਂ ਕਰਵਾਏ ਤਾਂ ਕਿ ਉਹ ਆਪਣੀ ਪੋਤੀ ਦਾ ਵਿਆਹ ਸੰਪੂਰਨ ਕਰ ਸਕੇ। ਬਸ ਫਿਰ ਕੀ ਸੀ ਗੁਰੂਜੀ ਆਪ ਸੱਯਦ ਹਸਨ ਦੇ ਘਰ ਪਹੁੰਚ ਗਏ ਪਰ ਉਹ ਗੁਰ ਜੀ ਦੇ ਦਰਸ਼ਨ ਕਰਕੇ ਆਪਣਾ ਉਦੇਸ਼ ਭੁੱਲ ਗਿਆ। ਉਹ ਪ੍ਰੇਮ ਵਿਚ ਸੇਵਾ ਕਰਨ ਵਿਚ ਰੁੱਝ ਗਿਆ। ਗੁਰੂਜੀ ਨੇ ਉਸ ਨੂੰ ਕਿਹਾ ਕਿ ਹੁਣ ਉਹ ਉਸਦੇ ਹੱਥੋਂ ਗ੍ਰਿਫਤਾਰ ਹੋਣਾ ਚਾਹੁੰਦੇ ਹਨ ਤਾਂਕਿ ਉਸਨੂੰ ਇਕ ਹਜ਼ਾਰ ਰੁਪਏ ਮਿਲ ਜਾਣ ਪਰ ਉਹ ਗੁਰੂਜੀ ਦੇ ਚਰਨਾਂ ਤੇ ਡਿੱਗ ਪਿਆ ਅਤੇ ਬੇਨਤੀ ਕਰਨ ਲੱਗਾ ਕਿ ਹੁਣ ਉਸਤੋਂ ਇਹ ਗੁਨਾਹ ਨਾ ਕਰਵਾਇਆ ਜਾਵੇ। ਉਹ ਤਾਂ ਕੇਵਲ ਗਰੀਬੀ ਦੇ ਕਾਰਨ ਉਸ ਦਾ ਮਨ ਅਸਥਿਰ ਹੋ ਗਿਆ ਸੀ। ਇਸ ਕਰਕੇ ਗੁਰੂਜੀ ਨੇ ਦੂਜਾ ਤਰੀਕਾ ਅਪਣਾਇਆ ਅਤੇ ਉਸ ਦੇ ਪੋਤੇ ਨੂੰ ਬੁਲਾਇਆ ਜੋ ਕਿ ਭੇਡਾਂ ਨੂੰ ਚਰਾਉਣ ਦਾ ਕੰਮ ਕਰਦਾ ਸੀ। ਲੜਕੇ ਨੂੰ ਇੱਕ ਦੁਸ਼ਾਲਾ ਅਤੇ ਇੱਕ ਹੀਰੇ ਦੀ ਅੰਗੂਠੀ ਦਿੱਤੀ ਅਤੇ ਕਿਹਾ ਨਗਰ ਵਿਚ ਜਾ ਕੇ ਹਲਵਾਈ ਤੋਂ ਮਠਿਆਈ ਖਰੀਦ ਲਿਆਵੇ। ਉਹ ਭੋਲਾ ਆਜੜੀ ਜਦ ਹਲਵਾਈ ਤੋਂ ਮਠਿਆਈ ਖਰੀਦਣ ਗਿਆ ਤਾਂ ਹਲਵਾਈ ਨੇਂ ਉਸ ਕੋਲ ਕੀਮਤੀ ਚੀਜ਼ਾਂ ਦੇਖ ਕੇ ਉਸ ਨੂੰ ਥਾਣੇ ਫੜਵਾ ਦਿੱਤਾ। ਥਾਣੇਦਾਰ ਨੂੰ ਬਾਲਕ ਆਜੜੀ ਨੇ ਸੂਚਿਤ ਕਰ ਦਿੱਤਾ ਕਿ ਗੁਰੂਦੇਵ ਸਾਡੇ ਘਰ ਠਹਿਰੇ ਹੋਏ ਹਨ। ਇਹ ਸੂਚਨਾ ਮਿਲਦਿਆਂ ਹੀ ਗੁਰੂਜੀ ਨੂੰ ਸੱਯਦ ਹਸਲ ਅਲੀ ਦੇ ਘਰੋਂ ਗ੍ਰਿਫਤਾਰ ਕਰ ਲਿਆ ਗਿਆ। ਇਸ ਤਰ੍ਹਾਂ ਇਨਾਮ ਦੀ ਰਕਮ ਹਸਨ ਅਲੀ ਨੂੰ ਦਿਲਵਾ ਦਿੱਤੀ ਗਈ। ਗ੍ਰਿਫਤਾਰੀ ਦੇ ਸਮੇਂ ਤਿੰਨ ਸੇਵਕਾਂ ਨੇ ਵੀ ਆਪਣੀ ਗ੍ਰਿਫਤਾਰੀ ਦਿੱਤੀ। ਦੂਜੇ ਸੇਵਕਾਂ ਨੂੰ ਗੁਰੂਜੀ ਨੇ ਆਦੇਸ਼ ਦਿੱਤਾ ਕਿ ਉਹ ਬਾਹਰ ਰਹਿ ਕੇ ਆਮ ਜਨਤਾ ਵਿਚ ਜਾਗਰਤੀ ਲਿਆਉਣ ਦਾ ਕੰਮ ਕਰਨ ਅਤੇ ਆਨੰਦਪੁਰ ਸਾਹਿਬ ਵਿਖੇ ਪਰਵਾਰ ਦੇ ਨਾਲ ਸੂਚਨਾਵਾਂ ਦੇਣ ਤੇ ਲੈਣ ਦਾ ਸੰਪਰਕ ਬਣਾਈ ਰੱਖਣ। ਗੁਰੂਜੀ ਦੀ ਗ੍ਰਿਫਤਾਰੀ ਦਾ ਸੁਨੇਹਾ ਜਦ ਔਰੰਗਜ਼ੇਬ ਨੂੰ ਪ੍ਰਾਪਤ ਹੋਇਆ ਤਾਂ ਉਸਨੇ ਆਪਣੀ ਸੈਨਾ ਦੇ ਉਚ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਗੁਰੂਤੇਗ ਬਹਾਦੁਬ ਜੀ ਨੂੰ ਬਾ-ਇੱਜ਼ਤ ਪਰ ਕਰੜੇ ਪਹਿਰੇ ਵਿੱਚ ਦਿੱਲੀ ਲਿਆਂਦਾ ਜਾਵੇ। ਇਸ ਤਰ੍ਹਾਂ ਹੀ ਕੀਤਾ ਗਿਆ। ਗੁਰੂਜੀ ਨੂੰ ਉਨ੍ਹਾਂ ਦੇ ਸਾਥੀ ਸਿੱਖਾਂ ਸਮੇਤ ਇੱਕ ਭੂਤ ਬੰਗਲੇ ਵਿਚ ਠਹਿਰਾਇਆ ਗਿਆ। ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਸ ਵਿਚ ਪ੍ਰੇਤ-ਆਤਮਵਾਂ ਰਹਿੰਦੀਆਂ ਹਨ, ਜੋ ਉਥੇ ਠਹਿਰਨ ਵਾਲਿਆਂ ਨੂੰ ਮਾਰ ਦੇਂਦੀਆਂ ਹਨ। ਅੱਧੀ ਰਾਤ ਨੂੰ ਉਥੇ ਇੱਕ ਕਾਣਾ ਅਤੇ ਕਰੂਪ ਵਿਅਕਤੀ ਫਲ ਲੈ ਕੇ ਆਇਆ। ਉਸਨੇਆਪਣੇ ਘਰ ਪ੍ਰਾਹੁਣਿਆਂ ਨੂੰ ਦੇਖ ਕੇ ਉਨ੍ਹਾਂ ਨੂੰ ਡਰਾਉਣ ਦਾ ਅਸਫਲ ਯਤਨ ਕੀਤਾ। ਜਦ ਉਸ ਦਾ ਕੋਈ ਵੱਸ ਨਹੀਂ ਚਲਿਆ ਤਾਂ ਉਸਨੇ ਸ਼ਾਂਤਚਿਤ, ਅਡੋਲ ਗੁਰੂਜੀ ਦੇ ਸਾਹਮਣੇ ਹਾਰ ਮੰਨ ਲਈ, ਸਗੋਂ ਨੇੜਤਾ ਵਧਾਉਣ ਲਈ ਗੁਰੂਜੀ ਨੂੰ ਫਲ ਭੇਟਾ ਕੀਤੇ। ਗੁਰੂਜੀ ਨੇ ਉਸਦੀ ਪ੍ਰੇਮ ਭੇਟਾ ਸਵੀਕਾਰ ਕਰਦਿਆਂ ਹੋਇਆ ਫਲਾਂ ਨੂੰ ਪੰਜ ਹਿੱਸਿਆਂ ਵਿਚ ਵੰਡ ਕੇ ਛਕਿਆ। ਗੁਰੂਜੀ ਨੇ ਉਸ ਵਿਅਕਤੀ ਨੂੰ ਪੁੱਛਿਆ ਕਿ ਉਹ ਉਥੇ ਕਿਉਂ ਰਹਿੰਦਾ ਹੈ ਅਤੇ ਉਥੇ ਆਉਣ ਵਾਲਿਆਂ ਦੀ ਹੱਤਿਆ ਕਿਉਂ ਕਰਦਾ ਹੈ? ਜਵਾਬ ਵਿਚ ਉਸਨੇ ਦੱਸਿਆ ਕਿ ਉਸਦਾ ਚਿਹਰਾ ਕਰੂਪ ਹੈ ਅਤੇ ਉਹ ਇੱਕ ਅੱਖ ਤੋਂ ਕਾਣਾ ਹੈ। ਇਸ ਲਈ ਲੋਕ ਉਸਤੋਂ ਨਫਰਤ ਕਰਦੇ ਹਨ, ਇਹੀ ਕਾਰਨ ਹੈ ਕਿ ਉਹ ਇਕਾਂਤਵਾਸ ਵਿਚ ਸਮਾਜ ਤੋਂ ਦੂਰ ਰਹਿੰਦਾ । ਉਹ ਕਿਸੇ ਦੀ ਹਤਿਆ ਨਹੀਂ ਕਰਦਾ ਸਿਰਫ ਆਪਣੇ ਵਿਰੋਧੀ ਨੂੰ ਭੈ-ਭੀਤ ਕਰਦਾ ਹੈ ਤਾਂਕਿ ਉਹ ਉਸਦੇ ਨਿਵਾਸ ਤੇ ਕਬਜਾ ਨਾ ਕਰਨ। ਪ੍ਰੰਤੂਲੋਕ ਅਕਸਰ ਡਰ ਅਤੇ ਭੈ-ਭੀਤ ਹੋ ਕੇ ਮਰ

ਜਾਂਦੇ ਹਨ। ਕਿਉਂਕਿ  ਉਨ੍ਹਾਂ ਦੀ ਹਿਰਦੇ ਗਤੀ ਦਹਿਸ਼ਤ ਨਾਲ ਰੁੱਕ ਜਾਂਦੀ ਹੈ। ਗੁਰੂਜੀ ਨੇ ਉਸਦੇ ਕਲਿਆਣ ਲਈ ਉਸਨੂੰ ਭਜਨ ਕਰਨ ਦਾ ਆਦੇਸ਼ ਦਿੱਤਾ ਅਤੇ ਕਿਹਾ ਕਿ ਮਾਨਵਤਾ ਦੀ ਸੇਵਾ ਕਰੇ ਅਤੇ ਉਸ ਨਾਲ ਕੋਈ ਨਫਰਤ ਨਹੀਂ ਕਰੇਗਾ। ਸਵੇਰੇ ਪਹਿਰੇਦਾਰਾਂ ਨੇ ਜਦ  ਗੁਰੁਦੇਵ ਅਤੇ ਦੂਜੇ ਸਿੱਖਾਂ ਦਾ ਭਰਪੂਰ ਸਵਾਗਤ ਕੀਤਾ ਅਤੇ ਔਰੰਗਜ਼ੇਬ ਨੇ ਇੱਕ ਵਿਸ਼ਾਲ ਗੋਸ਼ਟੀ ਦਾ ਪ੍ਰਬੰਧ ਕੀਤਾ, ਜਿਸ ਵਿੱਚ ਮੁੱਲਾਂ, ਕਾਜੀਆਂ ਅਤੇ ਓਮਰਾਓ ਨੇ ਗੁਰੂਜੀ ਨਾਲ ਵਿਚਾਰ ਵਟਾਂਦਰੇ ਵਿਚ ਹਿੱਸ ਲਿਆ।

ਔਰੰਗੇਜ਼ਬ ਨੇ ਵੀ ਆਪ ਉਸ ਗੋਸ਼ਟੀ ਦੇ ਸੰਯੋਜਕ ਦੇ ਰੂਪ ਵਿੱਚ ਹਿੱਸਾ ਲਿਆ ਅਤੇ ਗੁਰੂਜੀ ਨੂੰ ਕਿਹਾ ਕਿ ਉਸਨੂੰ ਹਿੰਦੂਜਨਤਾ ਦੇ ਪ੍ਰਤਿਨਿਧਿਆਂ ਤੋਂ ਇਹ ਬੇਨਤੀ-ਪੱਤਰ ਮਿਲਿਆ ਹੈ ਕਿ ਗੁਰੂਜੀ ਉਨ੍ਹਾਂ ਦੀ ਅਗਵਾਈ ਕਰਨਗੇ, ਜਦਕਿ ਤਸੀਂ ਤਾਂ ਖੁਦ ਮੂਰਤੀ ਪੂਜਾ ਅਤੇ ਦੇਵੀ-ਦੇਵਤਿਆਂ ਦੇ ਉਪਾਸਕ ਨਹੀਂ ਹੋ। ਸਿਰਫ ਇਕ ਖੁਦਾ ਨੂੰ ਮੰਨਣ ਵਾਲੇ ਹੋ ਫਿਰ ਤੁਸੀਂ ਆਪਣੇ ਸਿਧਾਤਾਂ ਦੇ ਵਿਰੁੱਧ ਇਨ੍ਹਾਂ ਕਾਫਰਾਂ ਦਾ ਪੱਖ ਕਿਉਂ ਲੈ ਰਹੇ ਹੋ? ਗੁਰੂਜੀ ਨੇ ਜਵਾਬ ਵਿਚ ਕਿਹਾ ਕਿ ਹਿੰਦੂਆਂ ਦਾ ਪੱਖ ਲੈਣ ਵਾਲੀ ਕੋਈ ਗੱਲ ਨਹੀਂ ਇਹ ਤਾਂ ਕੇਵਲ ਮਾਨਵਤਾ ਦੇ ਮੂਲ ਸਿਧਾਂਤਾਂ ਦੀ ਤਰਫਦਾਰੀ ਹੈ। ਸ਼ਾਸਕ ਵਰਗ ਨੂੰ ਪਰਜਾ ਦੇ ਵਿਅਕਤੀਗਤ ਜੀਵਨ ਵਿਚ ਕੋਈ ਦਖਲ ਨਹੀਂ ਦੇਣਾ ਚਾਹੀਦਾ। ਕੋਈ ਰਾਮ ਜਪੇ ਜਾਂ ਰਹੀਮ ਇਨ੍ਹਾਂ ਗੱਲਾਂ ਨਾਲ ਪ੍ਰਸ਼ਾਸਨ ਦਾ ਕੋਈ ਸਰੋਕਾਰ ਨਹੀਂ ਹੋਣਾ ਚਾਹੀਦਾ। ਜੇ ਕੋਈ ਵਿਅਕਤੀ ਸ਼ਾਸਨ ਪ੍ਰਬੰਧ ਵਿਚ ਵਿਘਨ ਪਾਉਂਦਾ ਹੈ ਤਾਂ ਸਿਰਫ ਉਸੇ ਵਿਅਕਤੀ ਨੂੰ ਸਜਾ ਮਿਲਣੀ ਚਾਹੀਦੀ ਹੈ। ਪਰ ਬਿਨਾਂ ਕਿਸੇ ਕਾਰਨ ਆਪਣੇ ਮਜ਼ਹਬੀ ਜਨੂਨ ਵਿਚ ਆ ਕੇ ਪਰਜਾ ਦਾ ਦਮਨ ਕਰਨਾ ਠੀਕ ਨਹੀਂ। ਇਸਦੇ ਜਵਾਬ ਵਿਚ ਔਰੰਗਜ਼ੇਬ ਨੇ ਕਿਹਾ ਕਿ ਉਹ ਚਾਹੁੰਦਾ ਹੈ ਕਿ ਅਰਬ ਦੇਸ਼ਾਂ ਦੀ ਤਰ੍ਹਾਂ ਭਾਰਤ ਵਿਚ ਵੀ ਇਕ ਸੰਪਰਦਾਇ ਕੇਵਲ'ਦੀਨ' ਹੀ ਹੋਵੇ। ਇਸ ਤਰ੍ਹਾਂ ਸਾਰੇ ਪ੍ਰਕਾਰ ਦੇ ਆਪਸੀ ਮਤਭੇਦ ਸਦਾ ਦੇ ਲਈ ਖਤਮ ਹੋ ਜਾਣਗੇ। ਅਸਲ ਵਿਚ ਪੈਗੰਬਰ ਹਜਰਤ ਮੁਹੰਮਦ ਸਾਹਿਬ ਦਾ ਇਹ ਆਦੇਸ਼ ਹੈ ਇਨ੍ਹਾਂ ਸਾਰੇ ਕਾਫਰਾਂ ਨੂੰ ਬਲਪੂਰਵਕ ਮੋਮਨ ਬਣਾਉਣਾ ਚਾਹੀਦਾ ਹੈ, ਅਜਿਹਾ ਕਰਨ ਵਾਲੇ ਨੂੰ ਜਨਤ ਅਤੇ ਪੁੰਨ ਪ੍ਰਾਪਤ ਹੋਵੇਗਾ। ਉਸਨੂੰ ਇਨ੍ਹਾਂ ਕਾਫ਼ਰਾਂ ਉਤੇ ਦਇਆ ਆਉਂਦੀ ਹੈ ਅਤੇ ਵਿਚਾਰ ਆਉਂਦਾ ਹੈ ਕਿ ਇਨ੍ਹਾਂ ਕਾਫ਼ਰਾਂ ਨੂੰ ਆਸਤਕ ਬਣਾ ਕੇ ਇਨ੍ਹਾਂ ਦਾ ਜਨਮ ਸਫਲ ਕਰ ਦੇਵੇ। ਇਸ ਲਈ ਉਸਨੇ ਪ੍ਰਤਿਗਿਆ ਕੀਤੀ ਹੈ ਕਿ ਜੋ ਮੁਹੰਮਦੀ ਬਣੇਗਾ ਉਸਨੂੰ ਸਭ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਮੁਹੱਈਆਂ ਕੀਤੀਆਂ ਜਾਣਗੀਆਂ ਅਤੇ ਇਸ ਦੇ ਉਲਟ ਚੱਲਣ ਵਾਲਿਆਂ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

ਗੁਰੂਜੀ ਨੇ ਉੱਤਰ ਦਿੱਤਾ ਕਿ ਜਿਸ ਖੇਤਰ ਵਿਚ ਸਿਰਫ ਮੁਹੰਮਦੀ ਹੀ ਰਹਿੰਦੇ ਹਨ ਕੀ ਉਥੇ ਸ਼ੀਆ, ਸੁੰਨੀ ਝਗੜੇ ਨਹੀਂ ਹੁੰਦੇ? ਜਿਸਤਰ੍ਹਾਂ ਇੱਕ ਬਗੀਚੇ ਵਿਚ ਵੱਖ-ਵੱਖ ਦੇ ਫੁੱਲ ਖਿੜੇ ਹੋਏ ਹੋਣ ਤਾਂ ਉਸਦੀ ਸੁੰਦਰਤਾ ਵੱਧ ਜਾਂਦੀ ਹੈ, ਠੀਕ ਉਸੇ ਤਰ੍ਹਾਂ ਇਹ ਵਿਸ਼ਵ ਉਸ ਪ੍ਰਮਾਤਮਾ ਦਾ ਸੁੰਦਰ ਬਗੀਚਾ ਹੈ ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੇ ਵਿਚਾਰਾਂ ਵਾਲੇ ਮਨੁੱਖ ਉਸਦੇ ਹੁਕਮ ਤੇ ਉਸਦੀ ਇੱਛਾ ਨਾਲ ਪੈਦਾ ਹੁੰਦੇ ਹਨ। ਜੇ ਕੁਦਰਤ ਨੂੰ ਤੁਹਾਡੀ ਗੱਲ ਮਨਜ਼ੂਰ ਹੁੰਦੀ ਤਾਂ ਉਹ ਹਿੰਦੂਆਂ ਦੇ ਘਰਾਂ ਵਿਚ ਸੰਤਾਨ ਹੀ ਨਾ ਪੈਦਾ ਕਰਦੀ। ਇਸਦੇ ਉਲਟ ਮੁਸਲਮਾਨਾਂ ਦੇ ਹੀ ਔਲਾਦ ਪੈਦਾ ਹੁੰਦੀ ਜਿਸ ਨਾਲ ਸਾਰੇ ਆਪਣੇ ਆਪ ਮੁਸਲਮਾਨ ਹੋ ਜਾਂਦੇ ਅਤੇ ਇਹ ਫੈਸਲਾ ਆਪਣੇ ਆਪ ਲਾਗੂਹੋ ਜਾਂਦਾ।

ਮੁੱਲਾਂ ਨੇ ਕਿਹਾ ਕਿ ਹਿੰਦੂਲੋਕ ਅਕ੍ਰਿਤਘਣ ਹਨ। ਭਾਵੇਂ ਗੁਰੂਜੀ ਉਨ੍ਹਾਂ ਦੇ ਲਈ ਆਪਣੇ ਜਾਨ ਨਿਛਾਵਰ ਕਰ ਦੇਣ ਤਾਂ ਵੀ ਮੌਕਾ ਆਉਣ ਤੇ ਹਿੰਦੂਪਿੱਠ ਹੀ ਦਿਖਾਉਣਗੇ ਕਿਉਂਕਿ ਹਿੰਦੂਕਿਸੇ ਦਾ ਪਰਉਪਕਾਰ ਮੰਨਦੇ ਹੀ ਨਹੀਂ। ਜਵਾਬ ਵਿਚ ਗੁਰੂਜੀ ਨੇ ਕਿਹਾ ਕਿ ਉਹ ਤਾਂ ਸਵਾਰਥ ਰਹਿਤ ਅਤੇ ਨਿਸ਼ਕਾਮ ਸੇਵਕ ਦੇ ਤੌਰ ਤੇ ਮਾਨਵਤਾ ਦੇ ਹਿੱਤ ਲਈ ਕੰਮ ਕਰਦੇ ਹਨ। ਜੇ ਹਿੰਦੂਜ਼ੁਲਮ ਕਰਦੇ ਤਾਂ ਉਹ ਉਸਦੇ ਪੱਖ ਵਿਚ ਹੁੰਦੇ ਜੋ ਮਜਲੂਮ ਹੁੰਦਾ ਅਰਥਾਤ ਉਹ ਦੀਨ-ਹੀਨ ਅਤੇ ਸ਼ਕਤੀਹੀਨ ਵਿਅਕਤੀਆਂ ਤੇ ਅਤਿਆਚਾਰ ਕਰਨ ਦੇ ਸਖਤ ਵਿਰੋਧੀ ਹਨ। ਬੇਸ਼ਕ ਉਹ ਹਿੰਦੂਹੋਵੇ ਜਾਂ ਮੁਸਲਮਾਨ।

ਅੰਤ ਵਿੱਚ ਔਰੰਗਜ਼ੇਬ ਨੇ ਗੁਰੂਦੇਵ ਦੇ ਸਾਹਮਣੇ ਇਸਲਾਮ ਕਬੂਲ ਕਰਨ ਦਾ ਪ੍ਰਸਤਾਵ ਰੱਖਿਆ ਅਤੇ ਕਿਹਾ ਕਿ ਜੇ ਗੁਰੂਜੀ ਇਸਲਾਮ ਕਬੂਲ ਕਰ ਲੈਂਦੇ ਹਨ ਤਾਂ ਉਹ ਸਭ ਗੁਰੂਜੀ ਦੇ ਪੈਰੋਕਾਰ ਬਣ ਜਾਣਗੇ। ਜੇ ਨਹੀਂ ਤਾਂ ਉਹ ਗੁਰੂਜੀ ਦੀ ਹੱਤਿਆ ਕਰਵਾ ਦੇਵੇਗਾ। ਇਸਦੇ ਜਵਾਬ ਵਿਚ ਗੁਰੂਦੇਵ ਨੇ ਫਰਮਾਇਆ ਕਿ ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਕਿਉਂਕਿ ਸਰੀਰ ਤਾਂ ਨਾਸ਼ਵਾਨ ਹੈ, ਉਸਦਾ ਕੀ ਮੋਹ। ਮੌਤ ਤਾਂ ਇੱਕ ਅੱਟਲ ਸਚਾਈ ਹੈ, ਇਸ ਲਈ ਜਨਮ-ਮਰਨ ਸਭ ਇੱਕ ਖੇਲ ਮਾਤਰ ਹੈ। ਇਹ ਸੁਣ ਕੇ ਮੁੱਲਾਂ ਨੇ ਕਿਹਾ ਕਿ ਜੇ ਉਹ ਕੋਈ ਕਰਾਮਾਤ ਦਿਖਾਉਂਦੇ ਹਨ ਤਾਂ ਮੌਤ ਦੀ ਸਜ਼ਾ ਬਖਸ਼ੀ ਜਾ ਸਕਦੀ ਹੈ। ਜਵਾਬ ਵਿਚ ਗੁਰੂਜੀ ਨੇ ਕਿਹਾ ਉਹ ਕੁਦਰਤ ਦੇ ਕੰਮਾਂ ਵਿੱਚ ਦਖਲਅੰਦਾਜੀ ਨਹੀਂ ਕਰਦੇ। ਚਮਤਕਾਰੀ ਸ਼ਕਤੀਆਂ ਦਾ ਦਿਖਾਵਾ ਇੱਕ ਮਦਾਰੀ ਦੀ ਤਰ੍ਹਾਂ ਨਹੀਂ ਕਰਦੇ। ਮੁੱਲਾਂ ਨੇ ਕਿਹਾ ਕਿ ਪੀਰ-ਫਕੀਰ ਅਥਵਾ ਗੁਰੂਮੁਰਸ਼ਦ ਵਿਚ ਚਮਤਕਾਰੀ ਸ਼ਕਤੀਆਂ ਦਾ ਹੋਣਾ, ਉਨ੍ਹਾਂ ਦਾ ਜ਼ਰੂਰੀ ਅੰਗ ਹੈ ਫਿਰ ਆਪ ਕਿਹੋ ਜਿਹੇ ਗੁਰੂ-ਪੀਰ ਹੋ? ਇਸਦੇ ਜਵਾਬ ਵਿਚ ਗੁਰੂਦੇਵ ਨੇ ਕਿਹਾ ਕਿ ਉਹ ਉਨ੍ਹਾਂ ਦੀ ਹੱਤਿਆ ਕਰਕੇ ਦੇਖ ਲੈਣ, ਉਹ ਮਰਨਗੇ ਨਹੀਂ। ਬਸ ਇਹੀ ਗੁਰੂਜੀ ਦੀ ਕਰਾਮਾਤ ਹੋਵੇਗੀ। ਮੁੱਲਾਂ ਗੁਰੂਦੇਵ ਦੇ ਇਸ ਕਥਨ ਦੇ ਭੇਦ ਨੂੰ ਨਾ ਸਮਝ ਸਕੇ। ਉਹ ਵਿਚਾਰ ਕਰਨ ਲਗੇ ਸ਼ਾਇਦ ਉਨ੍ਹਾਂ ਦੀ ਗਰਦਨ ਐਨੀ ਕਰੜੀ ਹੋ ਜਾਵੇਗੀ ਕਿ ਤਲਵਾਰ ਦੇ ਵਾਰ ਨਾਲ ਕੱਟੀ ਨਹੀਂ ਜਾਵੇਗੀ ਆਦਿ ਆਦਿ। ਉਹ ਸਮੇਂ ਦੀ ਉਡੀਕ ਕਰਨ ਲੱਗੇ।

ਔਰੰਗਜ਼ੇਬ ਦਾ ਅਸਲੀ ਉਦੇਸ਼ ਤਾਂ ਗੁਰੂਜੀ ਨੂੰ ਇਸਲਾਮ ਕਬੂਲ ਕਰਵਾਉਣਾ ਸੀ, ਨਾ ਕਿ ਉਨ੍ਹਾਂ ਦੀ ਹੱਤਿਆ ਕਰਵਾਉਣਾ। ਇਸ ਲਹੀ ਉਨ੍ਹਾ ਨੂੰ ਤਸੀਹੇ ਦੇਣ ਦਾ ਪ੍ਰੋਗਰਾਮ ਬਣਾਉਣ ਲੱਗਾ। ਜਿਨ੍ਹਾਂ ਤੋਂ ਤੰਗ ਆ ਕੇ ਉਹ ਆਪ ਹੀ ਇਸਲਾਮ ਕਬੂਲ ਕਰ ਲੈਣ। ਇਸ ਲਈ ਉਸ ਨੇ ਗੁਰੂਦੇਵ ਅਤੇ ਉਨ੍ਹਾਂ ਦੇ ਨਾਲ ਤਿੰਨ ਸਿੱਖਾਂ ਨੂੰ ਜੇਲ੍ਹ ਵਿਚ ਖਾਸ ਕਾਲ ਕੋਠੜੀਆਂ ਵਿਚ ਕੈਦੀ ਬਣਾ ਲਿਆ। ਇਹ ਖਬਰ ਜੇਲ੍ਹ ਦੇ ਸਫਾਈ ਕਰਮਚਾਰੀ ਦੇ ਰਾਹੀਂ ਬਾਹਰੋਂ ਸੰਪਰਕ ਰੱਖਣ ਵਾਲੇ ਸਿੱਖਾਂ ਨੂੰ ਪਤਾ ਲੱਗੀ ਤਾਂ ਉਨ੍ਹਾਂ ਨੇ ਦਿੱਲੀ ਦੇ ਸਿੱਖਾ ਨੂੰ ਇਹ ਗੱਲ ਦੱਸੀ। ਫਿਰ ਸਿੱਖਾਂ ਨੇ ਮਿਲ ਜੁਲ ਕੇ ਗੁਰੂਜੀ ਲਈ ਲੰਗਰ ਤਿਆਰ ਕੀਤਾ ਅਤੇ ਅਰਦਾਸ ਕੀਤੀ ਕਿ ਗੁਰੂਜੀ ਆਪ ਸਮਰੱਥ ਹਨ, ਕ੍ਰਿਪਾ ਕਰਕੇ ਪ੍ਰਸ਼ਾਦ ਸਵੀਕਾਰ ਕਰਨ। ਅਰਦਾਸ ਸਮਾਪਤ ਹੁੰਦਿਆਂ ਹੀ ਗੁਰੂਜੀ ਅਤੇ ਦੂਜੇ ਤਿੰਨ ਸਿੱਖ ਉਨ੍ਹਾਂ ਦੇ ਦਰਵਾਜ਼ੇ ਤੇ ਖੜੇ ਸਨ। ਫਿਰ ਤਾਂ ਸਿੱਖਾਂ ਨੇ ਜੀਅ ਭਰ ਕੇ ਗੁਰਦੇਵ ਦੀ ਸੇਵਾ ਕੀਤੀ। ਨੇੜੇ ਹੀ ਮੌਲਵੀ ਦਾ ਘਰ ਸੀ। ਇਹ ਸੂਚਨਾ ਜਦੋਂ ਮੌਲਵੀ ਨੂੰ ਮਿਲੀ ਕਿ ਗੁਰੂਤੇਗ ਬਹਾਦਰ ਉਸਦੇ ਗੁਆਂਢੀ ਸਿੱਖਾਂ ਦੇ ਘਰ ਭੋਜਨ ਕਰ ਰਹੇ ਹਨ ਤਾਂ ਉਹ ਆਪ ਵੇਖਣ ਆਇਆ ਅਤੇ ਵੇਖ ਕੇ

ਔਰੰਗਜ਼ੇਬ ਨੂੰ ਸੂਚਿਤ ਕੀਤਾ ਕਿ ਜੇਲ੍ਹ ਖਾਨੇਦਾ ਪ੍ਰਬੰਧ ਠੀਕ ਨਹੀਂ ਹੈ, ਉਸ ਵੱਲ ਧਿਆਨ ਦਿਓ। ਪਰ ਜਾਂਚ ਪੜਤਾਲ ਕਰਨ ਤੇ ਗੁਰੂਜੀ ਅਤੇ ਤਿੰਨ ਸਿੱਖ ਉਥੇ ਹਾਜ਼ਰ ਪਾਏ ਗਏ । ਇਸ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਹੋਰ ਵਧੇਰੇ ਸਖਤਾਈ ਕੀਤੀ ਜਾਣ ਲੱਗੀ। ਔਰੰਗਜੇਬ ਦੇ ਆਦੇਸ਼ ਨਾਲ ਇੱਕ ਖਾਸ ਤਰ੍ਹਾਂ ਦਾ ਪਿੰਜਰਾ ਮੰਗਵਾਇਆ ਗਿਆ, ਜਿਸਦੀਆਂ ਤਿੱਖੀਆਂ ਸਲਾਖਾਂ ਅੰਦਰ ਵੱਲ ਮੁੜੀਆਂ ਹੋਈਆਂ ਸਨ। ਇਸ ਪਿੰਜਰੇ ਵਿਚ ਕੈਦੀ ਦੇ ਸਰੀਰ ਵਿਚ ਚੁੱਭਦੀਆਂ ਸਨ। ਫਿਰ ਇਸੇ ਪਿੰਜਰੇ ਵਿਚ ਗੁਰੂਜੀ ਦੇ ਸਰੀਰ ਤੇ ਕਾਫੀ ਜਖਮ ਹੋ ਗਏ। ਉਥੇ ਦੇ ਸੰਤਰੀਆਂ ਨੂੰ ਆਦੇਸ਼ ਦਿੱਤਾ ਗਿਆ ਕਿ ਗੁਰੂਜੀ ਦੇ ਜਖਮਾਂ ਤੇ ਪੀਸਿਆ ਹੋਇਆ ਨਮਕ ਪਾਇਆ ਜਾਵੇ, ਜਿਸ ਨਾਲ ਉਨ੍ਹਾ ਨੂੰ ਜਲਣ ਹੋਵੇ ਤੇ ਉਹ ਇਸ ਦਰਦ ਨੂੰ ਸਹਿਣ ਨਾ ਕਰ ਸਕਣ। ਪਰ ਗੁਰੂਜੀ ਸ਼ਾਂਤਚਿਤ ਅਡੋਲ ਸਨ। ਇਸ ਤਰ੍ਹਾਂ ਦੇ ਤਸੀਹੇ ਵੇਖ ਕੇ ਨਾਲ ਆਏ ਤਿੰਨਾਂ ਕੈਦੀ ਸਿੱਖਾਂ ਦੇ ਮਨ  ਅਤਿਅੰਤ ਦੁਖੀ ਹੋਏ। ਉਨ੍ਹਾਂ ਨੇ ਅਰਦਾਸ ਕੀਤੀ ਕਿ ਹੇ ਅਕਾਲ ਪੁਰਖ ਉਨ੍ਹਾਂ ਸ਼ਕਤੀ ਬਖਸ਼ੋ ਤਾਂ ਜੋ ਉਹ ਅਤਿਆਚਾਰ ਦੇ ਵਿਰੁੱਧ ਕੁਝ ਕਰ ਸਕਣ। ਅਰਦਾਸ ਮਗਰੋਂ ਹੀ ਉਹ ਸਿੱਖ ਆਪਣੇ ਵਿਚ  ਅਥਾਹ ਆਤਮਿਕ ਸ਼ਕਤੀ ਦਾ ਅਨੁਭਵ ਕਰਨ ਲੱਗੇ। ਇਸ ਲਈ ਉਨ੍ਹਾਂ ਦੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਕੇ ਗੁਰੂਜੀ ਅੱਗੇ ਪ੍ਰਾਰਥਨਾ ਕੀਤੀ ਕਿ ਜੇ ਉਹ ਆਪ ਉਸ ਅਤਿਆਚਾਰੀ ਸ਼ਾਸਨ ਦੇ ਵਿਰੁੱਧ ਕੁਝ ਨਹੀਂ ਕਰਨਾ ਚਾਹੁੰਦੇ ਤਾਂ ਕ੍ਰਿਪਾ ਕਰਕੇ ਉਨ੍ਹਾਂ ਨੂੰ ਆਗਿਆ ਦੇਣ ਤਾਂ ਆਤਮ ਸ਼ਕਤੀ ਨਾਲ ਅਤਿਆਚਾਰੀਆਂ ਦਾ ਵਿਨਾਸ਼ ਕਰ ਦੇਣ। ਇਹ ਸੁਣਕੇ ਗੁਰੂਜੀ ਮੁਸਕਰਾਏ ਅਤੇ ਪੁੱਛਣ ਲੱਗੇ ਇਹ ਆਤਮ ਬਲ ਉਨ੍ਹਾਂ ਵਿਚ ਕਿਥੋਂ ਆਇਆ ਹੈ। ਜਵਾਬ ਵਿਚ ਸਿੱਖਾਂ ਨੇ ਦੱਸਿਆ ਕਿ ਉਨ੍ਹਾਂ ਦੀ ਅਰਦਾਸ ਕਰਨ ਨਾਲ ਹੀ ਇਹ ਸਿੱਧੀ ਪ੍ਰਾਪਤ ਹੋਈ ਹੈ। ਗੁਰੂਜੀ ਨੇ ਕਿਹਾ ਚੰਗਾ ਨੇੜੇ ਆਕੇ ਆਸ਼ੀਰਵਾਦ ਪ੍ਰਾਪਤ ਕਰੋ। ਜਿਉਂ ਹੀ ਸਿੱਖਾਂ ਨੇ ਨੇੜੇ ਹੋ ਕੇ ਸੀਸ ਝੁਕਾਇਆ, ਗੁਰੁਦੇਵ ਨੇ ਉਨ੍ਹਾਂ ਦੇ ਸਿਰ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਦੂਰ-ਦ੍ਰਿਸ਼ਟੀ ਬਖਸ਼ੀ। ਉਸ ਵੇਲੇ ਸਿੱਖਾਂ ਨੇ ਮਹਿਸੂਸ ਕੀਤਾ ਕਿ ਗੁਰੂਜੀ ਬੇਸ਼ੁਮਾਰ ਸ਼ਕਤੀਆਂ ਦੇ ਮਾਲਕ ਵਿਸ਼ਾਲ ਸਮਰੱਥਾ ਵਾਲੇ ਪਹਾੜ ਦੀ ਤਰ੍ਹਾਂ ਅਡੋਲ ਪ੍ਰਭੂਦੇ ਆਦੇਸ਼ ਦੀ ਉਡੀਕ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਦੇ ਲਈ ਤਿਆਰ ਬਰ ਤਿਆਰ ਖੜੇ ਹਨ। ਇਹ ਦ੍ਰਿਸ਼ ਦੇਖ ਕੇ ਉਹ ਗੁਰੂਜੀ ਤੋਂ ਮੁਆਫੀ ਮੰਗਣ ਲੱਗ ਪਏ ਕਿ ਉਹ ਤੁੱਛ ਪ੍ਰਾਣੀ ਗੁਰੂਜੀ ਦੀ ਕਲਾ ਨੂੰ ਪਹਿਚਾਣ ਨਹੀਂ ਸਕੇ ਅਤੇ ਡਾਂਵਾਡੋਲ ਹੋ ਕੇ ਮਨ-ਮਰਜੀ ਕਰਨ ਦੀ ਗਲਤੀ ਕਰਨ ਲੱਗੇ ਸਨ।

ਇਹ ਸਾਰਾ ਕੁਝ ਉਥੇ ਖਲੋਤੇ ਸੰਤਰੀ ਅਤੇ ਦਰੋਗਾ ਆਦਿ ਲੋਕ ਸੁਣ ਰਹੇ ਸਨ। ਉਨ੍ਹਾਂ ਨੇ ਇਸ ਘਟਨਾ ਦਾ ਵੇਰਵਾ ਔਰਗਜੇਬ ਤੱਕ ਪਹੁੰਚਾ ਦਿੱਤਾ। ਔਰੰਗਜੇਬ ਨੇ ਉਨ੍ਹਾਂ ਤਿੰਨਾ ਸਿੱਖਾਂ ਨੂੰ ਅਗਲੇ ਦਿਨ ਦਰਬਾਰ ਵਿਚ ਮੰਗਵਾਇਆ ਅਤੇ ਉਸ ਘਟਨਾ ਦੀ ਸਚਾਈ ਜਾਣੀ ਅਤੇ ਕਿਹਾ ਕਿ ਉਹ ਲੋਕ ਇਸਲਾਮ ਕਬੂਲ ਕਰ ਲੈਣ ਨਹੀਂ ਤਾਂ ਆਪਣੇ ਕਥਨ ਅਨੁਸਾਰ ਵਿਨਾਸ਼ ਕਰ ਦਿਖਾਉਣ। ਕਹਿਣਾ ਨਾ ਮੰਨਣ ਦੀ ਸੂਰਤ ਵਿੱਚ ਮੌਤ ਦੇ ਲਈ ਤਿਆਰ ਹੋ ਜਾਣ। ਸਿੱਖਾਂ ਨੇ ਜਵਾਬ ਦਿੱਤਾ ਕਿ ਉਨ੍ਹਾਂ ਨੇ ਤਾਂ ਗੁਰੂਜੀ ਤੋਂ ਅਗਿਆ ਮੰਗੀ ਸੀ ਪਰ ਗੁਰੂਜੀ ਨੇ ਆਗਿਆ ਦਿੱਤੀ ਨਹੀਂ, ਆਗਿਆ ਮਿਲਣ ਤੇ ਉਹ ਕੁਝ ਵੀ ਕਰਨ ਤੇ ਸਮਰੱਥ ਹਨ। ਪਰ ਹੁਣ ਉਹ ਮੌਤ ਦੀ ਸਜ਼ਾ ਦੇ ਲਈ ਤਿਆਰ ਹਨ। ਇਸ ਤੋਂ ਬਾਅਦ ਸਮਰਾਟ ਨੇ ਉਨ੍ਹਾਂ ਤਿੰਨਾਂ ਨੂੰ ਵੱਖ-ਵੱਖ ਢੰਗ ਨਾਲ ਮੌਤ ਦੇ ਘਾਟ ਉਤਾਰਨ ਦਾ ਹੁਕਮ ਦੇ ਦਿੱਤਾ।

# ਭਾਈ ਮਤੀ ਦਾਸ ਜੀ ਦੀ ਸ਼ਹੀਦੀ

ਅਗਲੇ ਦਿਨ ਭਾਈ ਮਤੀ ਦਾਸ ਜੀ ਨੂੰ ਯੋਜਨਾ ਅਨੁਸਾਰ ਚਾਂਦਨੀ ਚੌਂਕ ਦੇ ਠੀਕ ਵਿਚਕਾਰ ਹੱਥਕੜੀਆਂ, ਬੇੜੀਆਂ ਅਤੇ ਜੰਜੀਰਾ ਨਾਲ ਜਕੜ ਕੇ ਲਿਆਂਦਾ ਗਿਆ। ਉਸ ਥਾਂ ਤੇ ਅੱਜ ਕਲ ਫੁਹਾਰਾ ਹੈ। ਪ੍ਰਸ਼ਾਸਨ ਦੇ ਨਿਰਦਈ ਦ੍ਰਿਸ਼ਾਂ ਨੂੰ ਵੇਖਣ ਲਈ ਲੋਕਾਂ ਦੀ ਭੀੜ ਇੱਕਠੀ ਹੋ ਚੁੱਕੀ ਸੀ। ਭਾਈ ਮਤੀ ਦਾਸ ਜੀ ਦਾ ਚਿਹਰਾ ਰੂਹਾਨੀ ਚਮਕ ਨਾਲ ਭਰਪੂਰ ਸੀ। ਭਾਈ ਸਾਹਿਬ ਸ਼ਾਂਤ ਚਿਤ ਅਤੇ ਅਡੋਲ ਪ੍ਰਭੂਸਿਮਰਨ ਵਿਚ ਮਗਨ ਸਨ। ਮੌਤ ਦਾ ਗਿਆਨ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਚਿਹਰੇ ਉੱਤੇ ਡਰ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ। ਉਸੇ ਸਮੇਂ ਕਾਜ਼ੀ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ ਅਤੇ ਕਿਹਾ ਕਿ ਭਾਈ ਮਤੀ ਦਾਸ ਕਿਉਂ ਵਿਅਰਥ ਆਪਣੇ ਪ੍ਰਾਣ ਗੁਆ ਰਹੇ ਹੋ। ਹੱਠ-ਧਰਮੀ ਛੱਡੋ ਅਤੇ ਇਸਲਾਮ ਕਬੂਲ ਕਰ ਲਵੋ। ਇਸ ਤਰ੍ਹਾਂ ਐਸ਼ ਭਰਪੂਰ ਜੀਵਨ ਦਾ ਅਨੰਦ ਮਾਣ ਸਕੋਗੇ। ਪ੍ਰਸ਼ਾਸਨ ਵਲੋਂ ਸਭ ਤਰ੍ਹਾਂ ਦੀਆਂ ਸੁੱਖ-ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਬਹੁਤ ਸਾਰੇ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਜੇ ਉਹ ਮੁਸਲਮਾਨ ਬਣ ਜਾਏਗਾ ਤਾਂ ਹਜ਼ਰਤ ਮੁਹੰਮਦ ਸਾਹਿਬ ਉਸਦੀ ਗਵਾਹੀ ਦੇ ਕੇ ਉਸਨੂੰ ਖੁਦਾ ਤੋਂ ਸਵਰਗ ਦਿਵਾ ਦੇਣਗੇ। ਨਹੀਂ ਤਾਂ ਉਸਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਵੇਗਾ।

ਭਾਈ ਮਤੀ ਦਾਸ ਜੀ ਨੇ ਉੱਤਰ ਦਿੱਤਾ, ਕਿਉਂ ਆਪਣਾ ਵਕਤ ਬਰਬਾਦ ਕਰਦੇ ਹੋ? ਉਹ ਤਾਂ ਸਿੰਖ ਸਿਧਾਂਤਾਂ ਅਤੇ ਉਸ ਤੇ ਅਟੱਲ ਵਿਸ਼ਵਾਸ ਨਾਲ ਹਜ਼ਾਰਾਂ ਸਵਰਗ ਕੁਰਬਾਨ ਕਰ ਸਕਦਾ ਹੈ। ਗੁਰੂਦੇ ਸ਼ਰਧਾਵਾਨ ਚੇਲੇ ਆਪਣੇ ਗੁਰੂਦੇਵ ਦੇ ਹੁਕਮਾਂ ਦੀ ਪਾਲਣਾ ਕਰਨਾ ਹੀ ਸਭ ਸੁੱਖਾਂ ਦਾ ਮੂਲ ਸਮਝਦਾ ਹੈ। ਇਸ ਲਈ ਜੋ ਉੱਤਮ ਅਤੇ ਨਿਰਮਲ ਧਰਮ ਉਸਨੂੰ ਉਸਦੇ ਗੁਰੂਨੇ ਬਖਸ਼ਿਆ ਹੈ, ਉਹ ਉਸਨੂੰ ਆਪਣੀ ਜਾਨ ਨਾਲੋਂ ਵੀ ਵੱਧ ਪਿਆਰਾ ਹੈ। ਇਸ ਜਵਾਬ ਤੇ ਕਾਜੀ ਨੇ ਕਹਿਆ ਠੀਕ ਹੈ, ਮਰਨ ਤੋਂ ਪਹਿਲਾਂ ਉਸ ਦੀ ਕੋਈ ਅੰਤਿਮ ਇੱਛਾ ਹੈ ਤਾਂ ਦੱਸ ਦੇਵੇ। ਮਤੀ ਦਾਸ ਜੀ ਨੇ ਉੱਤਰ ਦਿੱਤਾ ਕਿ ਉਸਦਾ ਮੂੰਹ ਉਸਦੇ ਗੁਰੂਵੱਲ ਰੱਖਣਾ ਤਾਂ ਜੋ ਉਹ ਆਪਣੇ ਗੁਰੂਜੀ ਦੇ ਅੰਤ ਸਮੇਂ ਦਰਸ਼ਨ ਕਰਦਾ ਹੋਇਆ ਸਰੀਰ ਤਿਆਗ ਸਕੇ। ਲਕੜੀ ਦੇ ਦੋ ਸ਼ਤੀਰਾਂ ਦੇ ਪਾਟ ਵਿਚ ਭਾਈ ਮਤੀ ਦਾਸ ਨੂੰ ਜਕੜ ਦਿੱਤਾ ਗਿਆ। ਉਨ੍ਹਾਂ ਦਾ ਚਿਹਰਾ ਸ੍ਰੀ ਗੁਰੂਤੇਗ ਬਹਾਦਰ ਜੀ ਦੇ ਪਿੰਜਰੇ ਵੱਲ ਕਰ ਦਿੱਤਾ ਗਿਆ। ਤਦ ਦੋ ਜਲਾਦਾਂ ਨੇ ਭਾਈ ਸਾਹਿਬ ਦੇ ਸਿਰ ਤੇ ਆਰਾ ਰੱਖ ਦਿੱਤਾ। ਕਾਜ਼ੀ ਨੇ ਫਿਰ ਭਾਈ ਸਾਹਿਬ ਨੂੰ ਇਸਲਾਮ ਕਬੂਲ ਕਰਨ ਦੀ ਗੱਲ ਦੁਹਰਾਈ ਪਰ ਭਾਈ ਮਤੀ ਦਾਸ ਜੀ ਉਸ ਸਮੇਂ ਗੁਰਬਾਣੀ ਉਚਾਰਨ ਕਰ ਰਹੇ ਸਨ ਅਤੇ ਪ੍ਰਭੂਚਰਨਾਂ ਵਿਚ ਲੀਨ ਸਨ। ਇਸ ਲਈ ਉਨ੍ਹਾ ਨੇ ਕੋਈ ਜਵਾਬ ਨਾ ਦਿੱਤਾ। ਸਿੱਟੇ ਵੱਜੋਂ ਕਾਜੀ ਵਲੋਂ ਜਲਾਦਾਂ ਨੂੰ ਆਰਾ ਚਲਾਉਣ ਦਾ ਇਸ਼ਾਰਾ ਦਿੱਤਾ ਗਿਆ। ਵੇਖਦਿਆਂ ਹੀ ਵੇਖਦਿਆਂ ਖੂਨ ਦਾ ਫੁਹਾਰਾ ਚਲ ਪਿਆ ਅਤੇ ਭਾਈ ਮਤੀ ਦਾਸ ਜੀ ਦਾ ਸਰੀਰ ਦੋ ਫਾੜ ਹੋ ਗਿਆ। ਇਸ ਭੈ-ਭੀਤ ਅਤੇ ਨਿਰਦਈ ਦ੍ਰਿਸ਼ ਨੂੰ ਵੇਖ ਕੇ ਅਣਗਿਣਤ ਨੇਕ ਇਨਸਾਨਾਂ ਨੇ ਅੱਖਾਂ ਤੋਂ ਹੰਝੂਵਹਾਏ ਪਰ ਪੱਥਰ-ਦਿਲ ਹਾਕਮ ਇਸਲਾਮ ਦੇ ਪ੍ਰਚਾਰ ਹਿੱਤ ਕੀਤੇ ਜਾ ਰਹੇ ਅਤਿਆਚਾਰ ਨੂੰ ਉਚਿਤ ਦੱਸਦੇ ਰਹੇ।

ਭਾਈ ਮਤੀ ਦਾਸ ਜੀ ਆਪਣੇ ਪ੍ਰਾਣਾਂ ਦੀ ਅਹੁਤੀ ਦੇ ਕੇ ਸਦਾ ਲਈ ਅਮਰ ਹੋ ਗਏ। ਉਨ੍ਹਾਂ ਦੀ ਆਤਮਾ ਪਰਮ-ਜੋਤੀ ਵਿਚ ਜਾ ਸਮਾਈ ਅਤੇ ਉਨ੍ਹਾਂ ਦੀ ਕੁਰਬਾਨੀ ਸਿੱਖਾਂ ਅਤੇ ਵਿਸ਼ਵ ਦੇ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਲਈ ਚਾਨਣ-ਮੁਨਾਰਾ ਬਣੀ। ਭਾਈ ਮਤੀ ਦਾਸ ਜੀ ਗੁਰੂਜੀ ਦੇ ਪਰਮ ਸਨੇਹੀ ਸਿੱਖ ਭਾਈ ਪਰਾਗਾ ਜੀ ਦੇ ਪੁੱਤਰ ਸਨ।

## ਸ਼ਹੀਦੀ ਭਾਈ ਦਿਆਲਾ ਜੀ

ਸਮੇਂ ਦੀ ਹਕੂਮ ਵਲੋਂ ਚਲਾਈ ਹੋਈ ਅਤਿਆਚਾਰ ਦੀ ਇਸ ਹਨੇਰੀ ਦੇ ਦੂਜੇ ਸ਼ਿਕਾਰ ਹਨ ਭਾਈ ਦਿਆਲਾ ਜੀ। ਅਗਲੇ ਦਿਨ ਭਾਈ ਦਿਆਲਾ ਜੀ ਨੂੰ ਬੰਦੀ ਖਾਨੇ ਦੇ ਬਾਹਰ, ਚੌਂਕ ਵਿਚ ਲਿਆ ਕੇ ਕਾਜ਼ੀ ਵਲੋਂ ਮੌਤ ਦਾ ਫਤਵਾ ਸੁਣਾਇਆ ਗਿਆ ਕਿ ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਉਨ੍ਹਾਂ ਨੂੰ ਜੀਵਨ-ਦਾਨ ਦਿੱਤ ਜਾਵੇਗਾ ਨਹੀਂ ਤਾਂ ਉਬਲਦੇ ਹੋਏ ਪਾਣੀ ਦੀ ਦੇਗ ਵਿਚ ਉਬਾਲ ਕੇ ਮਾਰ ਦਿੱਤਾ ਜਾਵੇਗਾ।

ਕਾਜ਼ੀਆਂ ਨੇ ਭਾਈ ਸਾਹਿਬ ਨੂੰ ਇਸਲਾਮ ਦੇ ਗੁਣਾਂ ਤੇ ਵਿਖਿਆਨ ਸੁਣਾਇਆ ਅਤੇ ਐਸ਼ ਭਰਪੂਰ ਜੀਵਨ ਦੇ ਹੂਰਾਂ ਦੀ ਪ੍ਰਾਪਤੀ ਦੇ ਬਾਰੇ ਅਨੇਕ ਝਾਂਸੇ ਦਿੱਤੇ ਪਰ ਭਾਈ ਸਾਹਿਬ ਆਪਣੇ ਸਿੱਖੀ ਵਿਸ਼ਵਾਸ ਵਿਚ ਅਡੋਲ ਰਹੇ। ਫਿਰ ਉਨ੍ਹਾਂ ਨੂੰ ਡਰਾਉਣਾ-ਧਮਕਾਉਣਾ ਸ਼ੁਰੂਕਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਦੇਸਾਥੀ ਨੂੰ ਇਸਲਾਮ ਨਾ ਕਬੂਲਣ ਕਰਕੇ ਨਿਰਦਈ ਢੰਗ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਹੁਣ ਉਸਦੀ ਉਸ ਤੋਂ ਵੱਧ ਦੁਰਦਸ਼ਾ ਕੀਤੀ ਜਾਵੇਗੀ।

ਭਾਈ ਦਿਆਲਾ ਜੀ ਨੇ ਉੱਤਰ ਦਿੱਤਾ, ਭਾਈ ਮਤੀ ਦਾਸ ਜੀ ਨੂੰ ਮਰਿਆ ਨਾ ਸਮਝੋ ਬਲਕਿ ਉਹ ਤਾਂ ਮੌਤ ਨੂੰ ਮਜ਼ਾਕ ਕਰਕੇ ਦੂਜਿਆਂ ਲਈ ਪ੍ਰੇਰਣਾ ਦਾਇਕ ਉਦਾਹਰਣ ਪੇਸ਼ ਕਰਕੇ ਸਦਾ ਦੇ ਲਈ ਅਮਰ ਹੋ ਗਏ ਹਨ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਕਾਜ਼ੀ ਸਾਹਿਬ ਜਲਦੀ ਕਰੋ ਉਹ ਵੀ ਭਾਈ ਮਤੀ ਦਾਸ ਜੀ ਦੇ ਕੋਲ ਪਹੁੰਚਣ ਲਈ ਤਰਲੋ-ਮੱਛੀ ਹੋ ਰਹੇ ਹਨ। ਉਨ੍ਹਾਂ ਦੀ ਅੰਤਿਮ ਇੱਛਾ ਵੀ ਆਪਣੇ ਗੁਰੂਸ੍ਰੀ ਗੁਰੂਤੇਗ ਬਹਾਦਰ ਸਾਹਿਬ ਦੇ ਸਾਹਮਣੇ ਸ਼ਹੀਦ ਹੋਣ ਦੀ ਹੈ। ਤਦ ਕਾਜ਼ੀ ਦੇ ਫਤਵੇ ਦੇ ਅਨੁਸਾਰ ਜਲਾਦਾਂ ਨੇ ਦੇਗ ਵਿਚ ਪਾਣੀ ਪਾ ਕੇ ਭਾਈ ਦਿਆਲਾ ਜੀ ਨੂੰ ਵਿਚ ਬਿਠਾ ਦਿੱਤਾ ਅਤੇ ਥੱਲੇ ਅੱਗ ਬਾਲ ਦਿੱਤੀ। ਜਿਉਂ ਜਿਉਂ ਪਾਣੀ ਗਰਮ ਹੁੰਦਾ ਗਿਆ, ਤਿਉਂ ਤਿਉਂ ਭਾਈ ਜੀ ਗੁਰਬਾਣੀ ਉਚਾਰਨ ਕਰਦੇ ਹੋਏ ਆਪਣੇ ਗੁਰੂਜੀ ਦੇ ਸਨਮੁੱਖ ਅਕਾਲ ਪੁਰਖ ਦੇ ਚਿੰਤਨ ਵਿਚ ਲੀਨ ਹੁੰਦੇ ਗਏ। ਪਾਣੀ ਉਬਲਨ ਲੱਗਾ। ਭਾਈ ਜੀ ਦੇ ਚਿਹਰੇ ਤੇ ਰੂਹਾਨੀ ਨੂਰ ਸੀ ਅਤੇ ਉਹ ਸ਼ਾਂਤ-ਚਿਤ ਅਡੋਲ ਜੋਤੀ-ਜੋਤ ਸਮਾ ਗਏ ਅਤੇ ਆਪਣੇ ਵਿਸ਼ਵਾਸ ਨੂੰ ਥਿੜਕਣ ਨਹੀਂ ਦਿੱਤਾ। ਜਨ-ਸਾਧਾਰਨ ਨੇ ਵੇਖਿਆ ਕਿ ਐਨੇ ਵੱਡੇ ਦੰਡ ਨੂੰ ਸਰੀਰ ਤੇ ਸਹਿੰਦਿਆਂ ਹੋਇਆਂ ਭਾਈ ਜੀ ਨੇ ਕੋਈ ਕੌੜਾ ਸ਼ਬਦ ਨਹੀਂ ਕਿਹਾ ਅਤੇ ਆਪਣੇ ਧਾਰਮਿਕ ਅਕੀਦੇ ਵਿਚ ਪਰਪੱਕ ਰਹੇ। ਇਹ ਭੈ-ਭੀਤ ਦ੍ਰਿਸ਼ ਵੇਖ ਕੇ ਕਈ ਲੋਕਾਂ ਦੀਆਂ ਅੱਖਾਂ ਭਰ ਆਈਆਂ ਅਤੇ ਕਈਆਂ ਨੇ ਆਹਾਂ ਭਰੀਆਂ ਅਤੇ ਅਤਿਆਚਾਰੀ ਪ੍ਰਸ਼ਾਸਨ ਦੇ ਵਿਨਾਸ ਲਈ ਮਨ ਵਿਚ ਹੀ ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹੋਏ ਘਰਾਂ ਨੂੰ ਚਲੇ ਗਏ।

## ਸ਼ਹੀਦੀ ਭਾਈ ਸਤੀ ਦਾਸ ਜੀ

ਤੀਸਰੇ ਦਿਨ ਭਾਈ ਸਤੀ ਦਾਸ ਜੀ ਨੂੰ ਬੰਦੀ ਖਾਨ ਦੇ ਬਾਹਰ ਚਾਂਦਨੀ ਚੌਕ ਵਿਚ ਖੁਲ੍ਹੇਆਮ ਕਾਜ਼ੀ ਨੇ ਚੁਣੌਤੀ ਦਿੱਤੀ ਅਤੇ ਕਿਹਾ ਕਿ ਉਹ ਇਸਲਾਮ ਕਬੂਲ ਕਰਕੇ ਦੁਨੀਆਂ ਦੀਆਂ ਸਾਰੀਆਂ ਸੁੱਖ-ਸਹੂਲਤਾਂ ਪ੍ਰਾਪਤ ਕਰ ਲਵੇ, ਨਹੀਂ ਤਾਂ ਮੌਤ ਦੀ ਸਜ਼ਾ ਲਈ ਤਿਆਰ ਹੋ ਜਾਵੇ। ਇਹ ਸੁਣ ਕੇ ਭਈ ਸਤੀ ਦਾਸ ਜੀ ਨੇ ਜਵਾਬ ਦਿੱਤਾ ਕਿ ਮੌਤ ਰੂਪੀ ਦੁਲਹਨ ਦਾ ਉਹ ਬੜੀ ਬੇ-ਸਬਰੀ ਨਾਲ ਇੰਤਜ਼ਾਰ ਕਰ ਰਿਹਾ ਹੈ ਅਤੇ ਕਾਜ਼ੀ ਵੱਲ ਵਿਅੰਗ ਭਰੀ ਮੁਸਕਰਾਹਟ

ਛੱਡੀ। ਕਾਜ਼ੀ ਬੌਖਲਾ ਗਿਆ ਅਤੇ ਉਸਨੇ ਉਨ੍ਹਾਂ ਨੂੰ ਰੂੰ ਵਿਚ ਲਪੇਟ ਕੇ ਸਾੜਨ ਦਾ ਆਦੇਸ਼ ਦਿੱਤਾ। ਉਸਦਾ ਵਿਚਾਰ ਸੀ ਕਿ ਜਿਉਂਦੇ ਸੜਨ ਵਾਲੇ ਵਿਅਕਤੀ ਦੀ ਆਤਮਾ ਨਰਕ ਵਿੱਚ ਜਾਂਦੀ ਹੈ।

ਇਸ ਤਰ੍ਹਾਂ ਗੁਰੂਜੀ ਦੇ ਤਿੰਨੇ ਸਿੱਖ ਸਾਥੀ ਹੱਸ-ਹੱਸ ਕੇ ਸ਼ਹੀਦੀ ਜਾਮ ਪੀ ਕੇ ਸਿੱਖ ਇਤਿਹਾਸ ਵਿਚ ਨਵੇਂ ਪੂਰਨੇ ਪਾ ਗਏ। ਆਉਣ ਵਾਲੀਆਂ ਪੀੜੀਆਂ ਦੇ ਲਈ ਪ੍ਰੇਰਨਾਮਈ ਸੋਮਾ ਬਣ ਗਏ। ਭਾਈ ਸਤੀ ਦਾਸ ਜੀ ਗੁਰੂਘਰ ਵਿਚ ਲਿਖਣ ਦਾ ਕੰਮ ਕਰਦੇ ਸਨ।

## ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ (ਅਲੌਕਿਕ ਸ਼ਹੀਦੀ)

ਜਦ ਔਰੰਗਜ਼ੇਬ ਅਤੇ ਕਾਜ਼ੀ, ਗੁਰੂਤੇਗ ਬਹਾਦਰ ਸਾਹਿਬ ਨੂੰ ਗੱਲਾਂ ਨਾਲ ਪ੍ਰਭਾਵਿਤ ਨਾ ਕਰ ਸਕੇ ਤਾਂ ਉਨ੍ਹਾਂ ਨੇ ਗੁਰੂਦੇਵ ਅਤੇ ਦੂਜੇ ਸਿੱਖਾਂ ਨੂੰ ਕਈ ਪ੍ਰਕਾਰ ਦੇ ਲਾਲਚ ਦਿੱਤੇ। ਸਫਲਤਾ ਨਾ ਮਿਲਦੀ ਵੇਖ ਕੇ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਅਤੇ ਮੌਤ ਦਾ ਡਰ ਵਿਖਾਇਆ। ਇਸ ਉਪਰ ਉਨ੍ਹਾਂ ਨੇ ਅਮਲ ਵੀ ਕੀਤਾ। ਗੁਰੂਜੀ ਨੂੰ ਭੈ-ਭੀਤ ਕਰਨ ਦੇ ਲਈ ਉਨ੍ਹਾਂ ਦੇ ਸਾਥੀ ਤਿੰਨਾ ਸਿੱਖਾਂ ਨੂੰ ਵਾਰੀ-ਵਾਰੀ ਆਰੇ ਨਾਲ ਚੀਰ ਕੇ, ਪਾਣੀ ਵਿਚ ਉਬਾਲ ਕੇ ਅਤੇ ਰੂੰ ਵਿਚ ਲਪੇਟ ਕੇ ਜਿਉਂਦਿਆਂ ਸਾੜ ਕੇ ਗੁਰੂਜੀ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਕਰ ਦਿੱਤਾ। ਪਰ ਇਨ੍ਹਾਂ ਘਟਨਾਵਾਂ ਦਾ ਗੁਰੂਜੀ ਉੱਤੇ ਕੋਈ ਪ੍ਰਭਾਵ ਨਾ ਹੁੰਦਾ ਵੇਖ ਕੇ ਔਰੰਗਜ਼ੇਬ ਬੌਖਲਾ ਗਿਆ ਅਤੇ ਉਸਨੇ ਗੁਰੂਜੀ ਨੂੰ ਸ਼ਹੀਦ ਕਰਨ ਦਾ ਐਲਾਨ ਕਰ ਦਿੱਤਾ। ਇਨ੍ਹਾਂ ਸ਼ਹੀਦੀ ਘਟਨਾਵਾਂ ਨੂੰ ਵੇਖਦਿਆਂ ਹੋਇਆਂ ਗੁਰੂਜੀ ਦੇ ਦੂਜੇ ਸੇਵਕਾਂ ਨੇ ਪਿੰਡ ਰਕਾਬਗੰਜ ਦੇ ਭਾਈ ਲੱਖੀ ਸ਼ਾਹ ਵਣਜਾਰੇ ਨਾਲ ਮਿਲ ਕੇ ਇਕ ਯੋਜਨਾ ਬਣਾਈ ਕਿ ਗੁਰੂਜੀ ਦੇ ਸ਼ਹੀਦ ਹੋ ਜਾਣ ਤੇ ਉਨ੍ਹਾਂ ਦੇ ਪਾਰਥਿਕ ਸਰੀਰ ਦੀ ਸੇਵਾ ਸੰਭਾਲ ਤੁਰੰਤ ਕੀਤੀ ਜਾਵੇ ਅਤੇ ਇਸ ਯੋਜਨਾ ਦੇ ਅਨੁਸਾਰ ਉਨ੍ਹਾਂ ਨੇ ਇੱਕ ਖਾਸ ਬੈਲ ਗੱਡੀ ਤਿਆਰ ਕੀਤੀ। ਇਸ ਗੱਡੀ ਦੇ ਥੱਲੇ ਇੱਕ ਸੰਦੂਕ ਬਣਾਇਆ ਗਿਆ, ਜਿਸ ਦਾ ਢੱਕਣ ਉਪਰ ਵੱਲ ਖੁੱਲ੍ਹਦਾ ਸੀ। ਭਾਈ ਜੈਤਾ ਜੀ ਨਾਮਕ ਸਿੱਖ ਗੁਰੂਜੀ ਦੇ ਸੀਸ ਦੀ ਸੰਭਾਲ ਕਰਨ ਲਈ ਅੱਗੇ ਆਇਆ।

ਔਰੰਗਜ਼ੇਬ ਦੇ ਇਸ ਫ਼ਰਮਾਨ ਦੇ ਨਾਲ ਹੀ ਪ੍ਰਸ਼ਾਸਨ ਨੇ ਪੂਰੀ ਦਿੱਲੀ ਵਿਚ ਡੌਂਡੀ ਪਿਟਵਾ ਦਿੱਤੀ ਕਿ 'ਹਿੰਦ ਦੇ ਪੀਰ' ਗੁਰੂਤੇਗ ਬਹਾਦਰ ਨੂੰ ਮਘਰ ਸੁਦੀ ਪੰਚਮੀ ਸੰਮਤ 1732 ਨੂੰ 24 ਨਵੰਬਰ ਸੰਨ 1675 ਈ: ਚਾਂਦਨੀ ਚੌਂਕ ਦੇ ਚਬੂਤਰੇ ਉੱਪਰ ਕਤਲ ਕਰ ਦਿੱਤਾ ਜਾਵੇਗਾ। ਇਸ ਦ੍ਰਿਸ਼ ਨੂੰ ਦੇਖਣ ਲਈ ਉੱਥੇ ਵਿਸ਼ਾਲ ਜਨ-ਸਮੂਹ ਉਮੜ ਪਿਆ ਜੋ ਕਿ ਬੇਬਸ ਹੋਣ ਦੇ ਕਾਰਨ ਮੂਕ ਦਰਸ਼ਕ ਬਣਿਆ ਰਿਹਾ।

ਨਿਸ਼ਚਿਤ ਸਮੇਂ ਗੁਰੂਦੇਵ ਨੂੰ ਚਬੂਤਰੇ ਤੇ ਬੈਠਾਇਆ ਗਿਆ। ਗੁਰੂਜੀ ਤਾਂ ਮਾਨਸਿਕ ਰੂਪ ਵਿਚ ਪਹਿਲਾਂ ਹੀ ਆਤਮ-ਬਲਿਦਾਨ ਦੇ ਲਈ ਤਿਆਰ ਹੋ ਕੇ ਆਏ ਸਨ। ਸੱਚੇ ਅਧਿਆਤਮਿਕ ਮਹਾਂਪੁਰਸ਼ ਹੋਣ ਕਾਰਨ ਸਮਰੱਥ ਹੁੰਦੇ ਹੋਏ ਵੀ ਚਮਤਕਾਰ ਵਿਖਾ ਕੇ ਕੁਦਰਤ ਦੇ ਕੰਮ ਵਿਚ ਦਖਲਅੰਦਾਜੀ ਨਹੀਂ ਕਰਨਾ ਚਾਹੁੰਦੇ ਸਨ। ਕਾਜ਼ੀਆਂ ਦੇ ਹੱਠ ਤੋਂ ਛੁਟਕਾਰਾ ਪਾਉਣ ਦੇ ਲਈ ਗੁਰਦੇਵ ਨੇ ਉਨ੍ਹਾਂ ਨੂੰ ਮੂਰਖ ਬਣਾਉਣ ਦੀ ਠਾਣੀ। ਉਨ੍ਹਾਂ ਨੇ ਕਾਗਜ਼ ਤੇ ਫਾਰਸੀ ਵਿਚ ਕੁਝ ਲਿਖ ਕੇ ਆਪਣੀ ਗਰਦਨ ਨਾਲ ਬੰਨ੍ਹ ਲਿਆ ਅਤੇ ਕਾਜ਼ੀਆਂ ਨੂੰ ਕਿਹਾ ਲਓ ਮੇਰਾ ਚਮਤਕਾਰ ਵੇਖੋ। ਮੈਂ ਇਹ ਪਰਚੀ ਲਿਖ ਕੇ ਗਲੇ ਵਿਚ ਬੰਨ੍ਹ ਲਈ ਹੈ। ਹੁਣ ਤੁਹਾਡਾ ਜਲਾਦ ਮੈਨੂੰ ਨਹੀਂ ਮਾਰ ਸਕਦਾ। ਕਾਜ਼ੀ ਧੋਖਾ ਖਾ ਗਏ ਉਨ੍ਹਾਂ ਦੇ ਜਲਾਦ ਨੂੰ ਗੁਰੂਜੀ ਦੀ ਗਰਦਨ ਤੇ ਤਲਵਾਰ ਦਾ ਵਾਰ ਵਧੇਰੇ ਜ਼ੋਰ ਨਾਲ ਕਰਨ ਦਾ ਹੁਕਮ ਦਿੱਤਾ। ਫਲਸਰੂਪ ਗਰਦਨ

ਤਾਂ ਕੱਟਣੀ ਹੀ ਸੀ, ਪਰ ਉਸ ਪਰਚੀ ਵਿਚ ਕੀ ਲਿਖਿਆ ਹੈ, ਇਹ ਵੇਖਣ ਦੇ ਲਈ ਕਾਜ਼ੀ ਲਪਕੇ। ਲਿਖਿਆ ਸੀ:- ਸ਼ਹੀਦ ਕਦੀ ਮਰਦਾ ਨਹੀਂ, ਉਸਦੀ ਇੱਕ-ਇੱਕ ਬੂੰਦ ਖ਼ੂਨ ਤੋਂ ਅਨੇਕਾਂ ਸ਼ਹੀਦ ਪੈਦਾ ਹੁੰਦੇ ਹਨ। ਕਾਜ਼ੀ ਆਪਣਾ ਹੀ ਮੂੰਹ ਲੈ ਕੇ ਰਹਿ ਗਏ। ਪਰ ਕਾਜ਼ੀਆਂ ਦੀ ਜਗਿਆਸਾ ਦਾ ਫਾਇਦਾ ਲੈਂਦੇ ਹੋਏ ਉਥੇ ਨੇੜੇ ਲੱਗ ਕੇ ਖੜੇ ਭਾਈ ਜੈਤਾ ਨੇ ਲਪਕ ਕੇ ਫੁਰਤੀ ਨਾਲ ਗੁਰੂਜੀ ਦਾ ਸੀਸ ਝੜੂਪ ਕੇ ਅਪਣੇ ਝੋਲੇ ਵਿਚ ਪਾਕ ਲਿਆ ਅਤੇ ਭੀੜ ਵਿਚ ਅਲੋਪ ਹੋ ਗਿਆ ਇਸ ਤਰ੍ਹਾਂ ਬਿਨ੍ਹਾਂ ਰੁਕੇ ਨਗਰ ਦੇ ਬਾਹਰ ਉਡੀਕ ਵਿਚ ਖਲੋਤੇ ਭਾਈ ਊਦਾ ਜੀ ਨੂੰ ਜਾ ਮਿਲੇ। ਉਸ ਸਮੇਂ ਉਨ੍ਹਾਂ ਦੋਹਾਂ ਸਿੱਖਾਂ ਨੇ ਆਪਣੀ ਬਾਹਰੀ ਦਿੱਖ ਮੁਗਲਾਂ ਵਰਗੀ ਬਣਾਈ ਹੋਈ ਸੀ। ਇਸ ਕਰਕੇ ਉਨ੍ਹਾਂ ਨੂੰ ਆਨੰਦਪੁਰ ਸਾਹਿਬ ਵੱਲ ਵੱਧਣ ਵਿਚ ਮਦਦ ਮਿਲੀ।

ਸੀਸ ਦੇ ਲਾਪਤਾ ਹੋ ਜਾਣ ਤੇ ਔਰੰਗਜ਼ੇਬ ਨੇ ਸ਼ਹਿਰ ਭਰ ਵਿਚ ਡੌਂਡੀ ਪਿਟਵਾਈ ਕਿ ਜੇ ਕੋਈ ਗੁਰੂ ਦਾ ਸਿੱਖ ਹੈ ਤਾਂ ਉਨ੍ਹਾਂ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨ ਦੇ ਲਈ ਅੱਗੇ ਆਵੇ। ਪਰ ਔਰੰਗਜ਼ੇਬ ਦੇ ਡਰ ਦੇ ਕਾਰਨ ਗੁਰੂਜੀ ਦੇ ਅੰਤਿਮ ਸੰਸਕਾਰ ਲਈ ਕੋਈ ਸਾਹਮਣੇ ਨਹੀਂ ਆਇਆ। ਪਰ ਯੋਜਨਾ ਦੇ ਅਨੁਸਾਰ, ਭਾਈ ਲੱਖੀ ਸ਼ਾਹ ਵਣਜਾਰਾ ਆਪਣੀਆਂ ਬੈਲ-ਗੱਡੀਆਂ ਦੇ ਕਾਫਲੇ ਨਾਲ ਚਾਂਦਨੀ ਚੌਂਕ ਤੋਂ ਲੰਘੇ ਜੋ ਕਿ ਲਾਲ ਕਿਲ੍ਹੇ ਵਿਚ ਸਰਕਾਰੀ ਸਾਮਾਨ ਛੱਡ ਕੇ ਵਾਪਸ ਮੁੜ ਰਹੇ ਸਨ। ਕੁਦਰਤ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ। ਉਸ ਵੇਲੇ ਉਥੇ ਜ਼ੋਰ ਦੀ ਹਨੇਰੀ ਵੱਗਣ ਲੱਗੀ। ਹਨੇਰੀ ਦਾ ਫਾਇਦਾ ਲੈਂਦਿਆ ਹੋਇਆ ਉਨ੍ਹਾਂ ਨੇ ਗੁਰੂਜੀ ਦੇ ਧੜ ਤੇ ਚਾਦਰ ਪਾ ਕੇ ਜਲਦੀ ਨਾਲ ਧੜ ਚੁੱਕ ਲਿਆ ਅਤੇ ਸੰਦੂਕ ਵਾਲੀ ਬੈਲ-ਗੱਡੀ ਵਿਚ ਰੱਖ ਕੇ ਢੱਕਣ ਬੰਦ ਕਰਕੇ, ਉੱਤੇ ਚਟਾਈ ਵਿਛਾ ਦਿੱਤੀ ਅਤੇ ਗੱਡੀ ਹਾਕਦੇ ਹੋਏ ਅੱਗੇ ਵੱਧ ਗਏ। ਹਨੇਰੀ ਕੇ ਕਾਰਨ ਉਥੇ ਖਲੋਤੇ ਸਿਪਾਹੀ ਗੁਰੂਜੀ ਦੇ ਧੜ ਨੂੰ ਚੁੱਕਦਿਆ ਕਿਸੇ ਨੂੰ ਵੇਖ ਨਾ ਸਕੇ। ਅੱਖ ਝਪਕਦੇ ਹੀ ਧੜਦੇ ਗੁਆਚ ਜਾਣ ਤੇ ਸੰਤਰੀਆਂ ਨੇ ਬਹੁਤ ਖੋਜਬੀਨ ਕੀਤੀ ਪਰ ਉਹ ਅਸਫਲ ਰਹੇ। ਇਸ ਤਰ੍ਹਾ ਭਾਈ ਲੱਖੀ ਸ਼ਾਹ ਵਣਜਾਰੇ ਦਾ ਕਾਫ਼ਲਾ ਗੁਰੂਜੀ ਦਾ ਧੜ ਗੁਪਤ ਰੂਪ ਵਿਚ ਲੈ ਜਾਣ ਵਿਚ ਸਫਲ ਹੋ ਗਿਆ। ਲੱਖੀ ਸ਼ਾਹ ਨੇ ਗੁਰੂਜੀ ਦੇ ਧੜ ਨੂੰ ਆਪਣੇ ਘਰ ਦੇ ਅੰਦਰ ਚਿੱਤਾ ਬਣਾ ਕੇ ਅੱਗ ਲਗਾ ਦਿੱਤੀ ਅਤੇ ਰੌਲਾ ਪਾ ਦਿੱਤਾ ਕਿ ਉਸ ਦੇ ਘਰ ਨੂੰ ਅੱਗ ਲੱਗ ਪਈ ਹੈ। ਇਸ ਤਰ੍ਹਾਂ ਔਰੰਗਜੇਬ ਦੇ ਡਰ ਦੇ ਹੁੰਦਿਆਂ ਵੀ ਗੁਰੂਜੀ ਦੇ ਸਿੱਖਾਂ ਨੇ ਗੁਰੂਜੀ ਦਾ ਅੰਤਿਮ ਸੰਸਕਾਰ ਬੜੇ ਤਰੀਕੇ ਨਾਲ ਗੁਪਤ ਰੂਪ ਸੰਪੂਰਨ ਕੀਤਾ। (ਅੱਜਕਲ ਉਸ ਥਾਂ ਤੇ ਰਕਾਬ ਗੰਜ ਗੁਰਦੁਆਰਾ ਸੁਸ਼ੋਭਿਤ ਹੈ।)

ਦੂਜੇ ਪਾਸੇ ਭਾਈ ਜੈਤਾ ਜੀ ਅਤੇ ਉਨ੍ਹਾਂ ਦੇ ਸਾਥੀ ਲੰਮੀ ਯਾਤਰਾ ਕਰਦੇ ਹੋਏ ਕੀਰਤਪੁਰ ਸਾਹਿਬ ਪਹੁੰਚੇ। ਜਿਉਂ ਹੀ ਇਹ ਸੁਨੇਹਾ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰ ਕੌਰ ਨੂੰ ਮਿਲਿਆ ਕਿ ਗੁਰੂਜੀ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਮਾਨਵਤਾ ਦੇ ਮੂਲ ਅਧਿਕਾਰਾਂ ਦੀ ਸੁਰੱਖਿਆ ਖਾਤਰ ਦੇ ਦਿੱਤੀ ਹੈ ਅਤੇ ਉਨ੍ਹਾਂ ਦਾ ਸੀਸ ਲੈ ਕੇ ਦੋ ਸਿੱਖ ਕੀਰਤਪੁਰ ਸਾਹਿਬ ਪਹੁੰਚੇ ਹਨ। ਉਸ ਵੇਲੇ ਬੇਸ਼ਕ ਵਾਤਾਵਰਣ ਵਿਚ ਗੰਭੀਰਤਾ ਦੀ ਲਹਿਰ ਸੀ ਪਰ ਫਿਰ ਵੀ ਗੋਬਿੰਦ ਰਾਇ ਸਾਰਿਆਂ ਨੂੰ ਹੌਂਸਲਾ ਦੇ ਰਹੇ ਸਨ। ਉਨ੍ਹਾਂ ਨੇ ਆਪਣੀ ਦਾਦੀ ਅਤੇ ਮਾਤਾ ਗੁਜਰੀ ਜੀ ਨੂੰ ਕਿਹਾ ਕਿ ਗੁਰਬਾਣੀ ਮਾਰਗ ਦਰਸ਼ਨ ਕਰਦਿਆਂ ਹੋਇਆਂ ਸੁਨੇਹਾ ਦੇਂਦੀ ਹੈ:-

**ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ ॥**

**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥** (ਅੰਗ ੭੪੯)

ਕੀਰਤਪੁਰ ਸਾਹਿਬ ਪਹੁੰਚ ਕੇ ਭਾਈ ਜੈਤਾ ਜੀ ਤੋਂ ਆਪ ਗੋਬਿੰਦ ਰਾਇ ਜੀ ਨੂੰ ਆਪਣੇ ਪਿਤਾ ਸ੍ਰੀ ਗੁਰੂਤੇਗ ਬਹਾਦਰ ਸਾਹਬਿ ਦਾ ਸੀਸ ਪ੍ਰਾਪਤ ਕੀਤਾ ਅਤੇ ਭਾਈ ਜੈਤਾ ਜੋ ਰੰਗਰੇਟਾ ਕਬੀਲੇ ਨਾਲ ਸੰਬੰਧਿਤ ਸਨ, ਨੂੰ ਆਪਣੇ ਗੱਲ ਨਾਲ ਲਾਇਆ ਅਤੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰਦਾਨ ਦਿੱਤਾ। ਵਿਚਾਰ ਹੋਇਆ ਕਿ ਗੁਰੂਜੀ ਦੇ ਸੀਸ ਦਾ ਅੰਤਿਮ ਸੰਸਕਾਰ ਕਿਥੇ ਕੀਤਾ ਜਾਵੇ। ਦਾਦੀ ਮਾਂ ਅਤੇ ਮਾਤਾ ਗੁਜਰੀ ਜੀ ਨੇ ਸਲਾਹ ਦਿੱਤੀ ਕਿ ਆਨੰਦਪੁਰ ਸਾਹਿਬ ਦੀ ਨਗਰੀ ਗੁਰੂਸਾਹਿਬ ਨੇ ਆਪ ਵਸਾਈ ਹੈ। ਇਸ ਲਈ ਉਨ੍ਹਾਂ ਦੇ ਸੀਸ ਦਾ ਅੰਤਿਮ ਸੰਸਕਾਰ ਉਥੇ ਕੀਤਾ ਜਾਵੇ। ਸੋ ਸੀਸ ਨੂੰ ਪਾਲਕੀ ਵਿਚ ਆਨੰਦਪੁਰ ਸਾਹਿਬ ਲਿਆਂਦਾ ਗਿਆ ਅਤੇ ਉੱਥੋਂ ਸੀਸ ਦਾ ਭਰਪੂਰ ਸੁਆਗਤ ਕੀਤਾ ਗਿਆ। ਸਾਰਿਆਂ ਨੇ ਗੁਰੂਜੀ ਦੇ ਪਵਿੱਤਰ ਸੀਸ ਨੂੰ ਸ਼ਰਧਾ ਫੁੱਲ ਅਰਪਿਤ ਕੀਤੇ ਤੇ ਉਸ ਤੋਂ ਬਾਅਦ ਰਸਮੀ ਦਾਹ ਸੰਸਕਾਰ ਕੀਤਾ ਗਿਆ,

ਕੁਝ ਦਿਨਾਂ ਦੇ ਬਾਅਦ ਭਾਈ ਗੁਰਦਿੱਤਾ ਜੀ ਗੁਰੂਜੀ ਦਾ ਅੰਤਿਮ ਹੁਕਮਨਾਮਾ ਲੈ ਕੇ ਆਨੰਦਪੁਰ ਸਾਹਿਬ ਪਹੁੰਚ ਗਏ। ਹੁਕਮਨਾਮੇ ਵਿਚ ਗੁਰੂਜੀ ਦਾ ਉਹੀ ਆਦੇਸ਼ ਸੀ ਜੋ ਕਿ ਉਨ੍ਹਾਂ ਨੇ ਆਨੰਦਪੁਰ ਸਾਹਿਬ ਤੋਂ ਚਲਦੇ ਸਮੇਂ ਐਲਾਨਿਆ ਸੀ ਕਿ ਉਨ੍ਹਾਂ ਦੇ ਮਗਰੋਂ ਗੁਰੂਨਾਨਕ ਦੇਵ ਜੀ ਦੇ ਦਸਵੇਂ ਉਤਰਾਧਿਕਾਰੀ ਗੋਬਿੰਦ ਰਾਇ ਹੋਣਗੇ। ਠੀਕ ਉਸੀ ਇੱਛਾ ਅਨੁਸਾਰ ਗੁਰੂਗੱਦੀ ਦੀ ਸਾਰੀ ਕਾਰਵਾਈ ਪੂਰੀ ਕਰ ਦਿੱਤੀ ਜਾਵੇ। ਇਸ ਹੁਕਮਨਾਮੇ ਤੇ ਪਰਵਾਰ ਦੇ ਸਾਰੇ ਮੈਂਬਰਾਂ ਅਤੇ ਦੂਜੇ ਪ੍ਰਮੁੱਖ ਸਿੱਖਾਂ ਨੇ ਸੀਸ ਝੁਕਾਇਆ ਅਤੇ ਨਿਸ਼ਚਾ ਕੀਤਾ ਕਿ ਆਉਣ ਵਾਲੀ ਵਿਸਾਖੀ ਨੂੰ ਇੱਕ ਖਾਸ ਸਮਾਰੋਹ ਦਾ ਪ੍ਰਬੰਧ ਕਰਕੇ ਗੋਬਿੰਦ ਰਾਇ ਜੀ ਨੂੰ ਗੁਰ-ਗੱਦੀ ਸੌਂਪਣ ਦੀ ਰਸਮੀ ਘੋਸ਼ਣਾ ਕਰਦਿਆਂ ਹੋਇਆਂ ਸਾਰੀਆਂ ਧਾਰਮਿਕ ਪਰਮਪਾਰਿਕ ਰਸਮਾਂ ਪੂਰੀਆਂ ਕਰ ਦਿੱਤੀਆਂ ਜਾਣਗੀਆ।

ਗੁਰੂਜੀ ਦੇ ਸੀਸ ਦੇ ਦਾਹ-ਸੰਸਕਾਰ ਦੇ ਮਗਰੋਂ ਗੁਰੂਜੀ ਦੇ ਨਮਿਤ ਪ੍ਰਭੂਚਰਨਾਂ ਵਿਚ ਅੰਤਿਮ ਅਰਦਾਸ ਲਈ ਇੱਕਤਰ ਹੋਏ। ਉੱਥੇ ਗੁਰੂਘਰ ਦੇ ਬੁਲਾਰਿਆਂ ਨੇ ਗੁਰੂਜੀ ਦੇ ਨਿਸ਼ਕਾਮ, ਨਿਰਸਵਾਰਥ ਅਤੇ ਦੂਜਿਆਂ ਦੇ ਭਲੇ ਲਈ ਕੁਰਬਾਨੀ ਦੇਣ ਤੇ ਆਪਣੀ-ਆਪਣੀ ਸ਼ਰਧਾਂਜਲੀ ਅਰਪਿਤ ਕਰਦਿਆਂ ਹੋਇਆਂ ਕਿਹਾ:-ਸ੍ਰੀ ਗੁਰੂਤੇਗ ਬਹਾਦਰ ਸਾਹਿਬ ਜੀ ਸੱਚੇ ਅਰਥਾਂ ਵਿਚ ਵਚਨ ਦੇ ਸੂਰਬੀਰ ਹਨ। ਉਨ੍ਹਾਂ ਨੇ ਮਜ਼ਲੂਮਾਂ ਦੇ ਧਰਮ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਇੱਕ ਅਦੁੱਤੀ ਬਲਿਦਾਨ ਦਿੱਤਾ ਹੈ ਜੋ ਪੁਕਾਰ ਪੁਕਾਰ ਕੇ ਉਨ੍ਹਾਂ ਦੇ ਇਸ ਮਹਾਨ ਮਾਨਵੀ ਸਿਧਾਂਤ ਦੀ ਪੁਸ਼ਟੀ ਕਰ ਰਿਹਾ ਹੈ:-

**"ਬਾਂਹ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ।।"**

ਬੁਲਾਰੇ ਨੇ ਕਿਹਾ:- ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਗੁਰੂਜੀ ਨੇ ਕਸ਼ਮੀਰੀ ਪੰਡਤਾਂ ਦੀ ਬਾਂਹ ਇਸ ਲਈ ਫੜੀ ਕਿ ਉਹ ਹਿੰਦੂਸਨ, ਬਲਕਿ ਇਸ ਲਈ ਕਿ ਉਹ ਸ਼ਕਤੀ ਹੀਨ ਸਨ, ਅਤਿਆਚਾਰਾਂ ਦੇ ਸ਼ਿਕਾਰ ਸਨ। ਨਾ ਹੀ ਔਰੰਗਜੇਬ ਦੇ ਨਾਲ ਗੁਰੂਜੀ ਦਾ ਇਸ ਕਾਰਨ ਵੈਰ ਸੀ ਕਿ ਉਹ ਮੁਸਲਮਾਨ ਸੀ। ਕਾਰਨ ਇਹ ਸੀ ਕਿ ਉਹ ਦੀਨ-ਹੀਨ ਅਤੇ ਕਮਜ਼ੋਰ ਵਿਅਕਤੀਆਂ ਤੇ ਅਤਿਆਚਾਰ ਕਰਦਾ ਸੀ। ਜੇ ਕੁਦਰਤੀ ਤੌਰ ਤੇ ਔਰੰਗਜ਼ੇਬ ਪੰਡਤਾਂ ਦੀ ਥਾਂ ਤੇ ਹੁੰਦਾ ਅਤੇ ਪੰਡਿਤ ਔਰੰਗਜ਼ੇਬ ਦੀ ਥਾਂ ਤੇ ਹੁੰਦੇ ਤਾਂ ਗੁਰੂਗੋਬਿੰਦ ਸਿੰਘ ਜੀ ਦੀ ਸਹਾਇਤਾ ਔਰੰਗਜ਼ੇਬ ਵੱਲ ਹੁੰਦੀ। ਬੁਲਾਰੇ ਨੇ ਕਿਹਾ:- ਗੁਰੂਜੀ ਨੇ ਮਾਨਵ ਸਮਾਜ ਦੇ ਸਾਹਮਣੇ ਅਦਭੁੱਤ ਉਦਾਹਰਣ ਪੇਸ਼ ਕੀਤੇ ਹਨ। ਇਹ ਗੱਲ ਇਤਿਹਾਸ ਵਿਚ ਪਹਿਲੀ ਵਾਰੀ ਵਾਪਰੀ ਹੈ ਕਿ ਸ਼ਹੀਦ ਹੋਣ ਵਾਲਾ ਕਾਤਿਲ ਦੇ ਕੋਲ ਆਪਣੀ ਇੱਛਾ ਨਾਲ ਗਿਆ ਹੈ ਅਜਿਹਾ ਕਰਕੇ

ਗੁਰੂਜੀ ਨੇ ਉਲਟੀ ਗੰਗਾ ਵਹਾ ਦਿੱਤੀ। ਅੰਤ ਵਿਚ ਗੋਬਿੰਦ ਰਾਇ ਜੀ ਨੇ ਆਪਣੇ ਪਿਤਾ ਸ੍ਰੀ ਗੁਰੂਤੇਗ ਬਹਾਦਰ ਜੀ ਨੂੰ ਆਪਣੀ ਸ਼ਰਧਾਂਜਲੀ ਅਰਪਿਤ ਕਰਦਿਆਂ ਹੋਇਆ ਕਿਹਾ:-

**ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।**

**ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸ ਦੀਆ ਪਰੁ ਸੀ ਨ ਉਚਰੀ।**

**ਧਰਮ ਹੇਤ ਸਾਕਾ ਜਿਨ ਕੀਆ। ਸੀਸ ਦੀਆ ਪਰੁ ਸਿਰਰੁ ਨ ਦੀਆ।**

**ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ।**

**ਠੀਕਰਿ ਫੋਰਿ ਦਿਲਸਿ ਸਿਰਿ ਪ੍ਰਭ ਪੁਰ ਕੀਆ ਪਯਾਨ।**

**ਤੇਗ ਬਹਾਦਰ ਸੀ ਕਿਰਿਆ ਕਰੀ ਨ ਕਿਨਹੂਆਨ।**

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।**

**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।**

ਅਰਥਾਤ ਗੁਰੂਤੇਗ ਬਹਾਦਰ ਜੀ ਨੇ ਇਸ ਕਲਯੁੱਗ ਵਿਚ ਤਿਲਕ ਅਤੇ ਜੇਨਊਦੀ ਰੱਖਿਆ ਲਈ ਆਪਣਾ ਸਰੀਰ ਰੂਪੀ ਠੀਕਰਾ ਦਿੱਲੀ ਦੇ ਮਾਲਕ ਔਰੰਗਜ਼ੇਬ ਦੇ ਸਿਰ ਤੇ ਭੰਨ ਦਿੱਤਾ ਹੈ। ਇਸ ਕਾਰਨ ਮਾਤ ਲੋਕ ਵਿਚ ਜਨਤਾ ਤਾਂ ਹੈਰਾਨੀ ਵਿਚ ਹੈ ਹੀ ਪਰ ਦੇਵ ਲੋਕ ਵਿਚ ਵੀ ਇਸ ਅਦਭੁਤ ਘਟਨਾ ਤੇ ਉਨ੍ਹਾਂ ਦੀ ਸਿਫਤ ਹੋ ਰਹੀ ਹੈ ਕਿਉਂਕਿ ਇਸ ਤਰ੍ਹਾਂ ਦੂਜਿਆਂ ਦੀ ਰੱਖਿਆ ਲਈ ਇਸ ਤੋਂ ਪਹਿਲਾਂ ਕਦੇ ਕਿਸੇ ਨੇ ਵੀ ਆਪਣੇ ਪ੍ਰਾਣਾਂ ਦੀ ਆਹੂਤੀ ਨਹੀਂ ਦਿੱਤੀ ਸੀ।

ਜਦੋਂ ਗੋਬਿੰਦ ਰਾਇ (ਸਿੰਘ) ਜੀ ਨੂੰ ਭਾਈ ਗੁਰਦਿੱਤਾ ਜੀ ਰਾਹੀਂ ਪਤਾ ਲੱਗਾ ਕਿ ਗੁਰੂਤੇਗ ਬਹਾਦਰ ਜੀ ਦੇ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਗੁਪਤ ਰੂਪ ਵਿਚ ਸੰਪੂਰਨ ਕੀਤਾ ਗਿਆ, ਕਿਉਂਕਿ ਔਰੰਗਜ਼ੇਬ ਦੁਆਰਾ ਡੌਂਡੀ ਪਿਟਾ ਕੇ ਚੁਣੌਤੀ ਦਿੱਤੀ ਗਈ ਸੀ ਕਿ ਹੈ ਕੋਈ ਗੁਰੂਕਾ ਸਿੱਖ। ਜੋ ਉਨ੍ਹਾਂ ਦੇ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਕਰਕੇ ਦਿਖਾਏ ! ਇਸ ਘਟਨਾ ਤੇ ਉਨ੍ਹਾਂ ਨੂੰ ਬਹੁਤ ਹੀ ਦੁੱਖ ਹੋਇਆ। ਅੰਤ ਉਹ ਕਹਿ ਕੇ ਉਠੇ-ਜਿਨ੍ਹਾਂ ਲੋਕਾਂ ਦੀ ਰੱਖਿਆ ਲਈ ਪਿਤਾ ਜੀ ਨੇ ਆਪਣਾ ਬਲਿਦਾਨ ਦਿੱਤਾ ਉਹੀ ਲੋਕ ਸਿਰਫ ਦਰਸ਼ਕ ਬਣ ਕੇ ਤਮਾਸ਼ਾ ਦੇਖਦੇ ਰਹੇ। ਉਨ੍ਹਾਂ ਦੇ ਸ਼ਹੀਦ ਹੋ ਜਾਣ ਤੇ ਵੀ ਕਿਸੇ ਨੇ ਹੌਂਸਲਾ ਕਰਕੇ ਉਨ੍ਹਾਂ ਦਾ ਅੰਤਿਮ ਸੰਸਕਾਰ ਵੀ ਉਸ ਸਮੇਂ ਸਪਸ਼ਟ ਰੂਪ ਵਿੱਚ ਨਹੀਂ ਕੀਤਾ। ਕਿਸੇ ਨੇ ਵੀ ਜ਼ਾਲਮ ਸ਼ਾਸਕਾਂ ਦੇ ਵਿਰੁੱਧ ਰੋਸ਼ ਪ੍ਰਗਟ ਕਰਨ ਲਈ ਕਿਸੇ ਪ੍ਰਕਾਰ ਦੀ ਕੋਈ ਗਤੀਵਿਧੀ ਨਹੀਂ ਕੀਤੀ। ਮੌਕਾ ਆਉਣ ਤੇ ਸਾਰੇ ਤੇ ਸਾਰੇ ਸਿਰ ਲੁਕਾ ਕੇ ਭੱਜ ਗਏ। ਇਸ ਕਰਕੇ ਮਾਨਵਤਾ ਦੇ ਰੱਖਿਅਕ ਦਾ ਮ੍ਰਿਤਕ ਸਰੀਰ ਉਥੇ ਪਿਆ ਰਿਹਾ। ਭਲਾ ਅਜਿਹੇ ਸਿੱਖਾਂ ਦੀ ਕੀ ਲੋੜ ਹੈ ਜੋ ਪਰਖ ਦੀ ਘੜੀ ਆਉਣ ਤੇ ਜਾਨ ਬਚਾ ਕੇ ਭੱਜ ਗਏ ਹੋਣ? ਸਿੱਖ ਤਾਂ ਉਹ ਹੈ ਜੋ ਵਕਤ ਆਉਣ ਤੇ ਆਪਣੇ ਸੀਨੇ ਤੇ ਹੱਥ ਰੱਖ ਕੇ ਕਹੇ ਕਿ ਉਹ ਗੁਰੂਜੀ ਦਾ ਸਿੱਖ ਹੈ। ਗੁਰੂਜੀ ਦੇ ਇਕ ਇਸ਼ਾਰੇ ਤੇ ਆਪਣਾ ਤਨ, ਮਨ, ਧਨ ਨਿਛਾਵਰ ਕਰ ਸਕਦਾ ਹੈ। ਸਿੱਖ (ਚੇਲਾ) ਤਾਂ ਅਜਿਹਾ ਹੋਣਾ ਚਾਹੀਦਾ ਹੈ ਜੋ ਲੱਖਾਂ ਲੋਕਾਂ ਵਿੱਚ ਇੱਕ ਖਲੋਤਾ ਹੋਵੇ ਤਾਂ ਉਹ ਆਪਣੇ ਵੱਖਰੇਪਣ ਦਾ ਕਾਰਨ ਸਪਸ਼ਟ ਅਤੇ ਵੱਖਰਾ ਦਿਖਾਈ ਦੇਵੇ।

ਔਰੰਗਜ਼ੇਬ ਨੇ ਤਾਂ ਸਮਝਿਆ ਕਿ ਗੁਰੂਤੇਗ ਬਹਾਦਰ ਜੀ ਦੀ ਹੱਤਿਆ ਕਰਵਾ ਕੇ ਉਸਦੇ ਰਾਹ ਦਾ ਰੋੜਾ ਸਦਾ ਲਈ ਪਾਸੇ ਹੋ ਗਿਆ ਹੈ ਪਰ ਇਸ ਸ਼ਹਾਦਤ ਨੇ ਪੂਰੇ ਭਾਰਤਵਾਸੀਆਂ ਦਾ ਸੀਨਾ ਛਾਨਣੀ-ਛਾਨਣੀ ਕਰ ਦਿੱਤਾ ਹੈ।

ਦੁੱਖ ਦੀ ਭਾਵਨਾ ਦੀ ਅਜਿਹੀ ਅੱਗ ਮੱਚਣੀ ਸ਼ੁਰੂਹੋਈ ਕਿ ਗੁਰੂਨਾਨਕ ਦੇ ਪੰਥ ਨੂੰ ਸ਼ਾਂਤੀ ਅਤੇ ਅਹਿੰਸਾ ਦੇ ਮਾਰਗ ਦੇ ਨਾਲ ਨਾਲ ਤਲਵਾਰ ਧਾਰਨ ਕਰਨੀ ਪਈ। ਇਸ ਸਭ ਦੇ ਫਲਸਰੂਪ ਭਗਤੀ ਵਿਚ ਸ਼ਕਤੀ ਮੁੜ ਆ ਰਲੀ।

ਗੁਰੂਜੀ ਦੀ ਇਸ ਬੇ-ਜੋੜ ਸ਼ਹਾਦਤ ਦੀ ਇੱਕ ਵਿਸ਼ੇਸ਼ਤਾ ਇਹ ਹੈ ਕਿ ਬਾਕੀ ਦੁਨੀਆਂ ਦੇ ਸ਼ਹੀਦਾਂ ਨੂੰ ਤਾਂ ਮਜਬੂਰਨ ਅਥਵਾ ਬਲਪੂਰਵਕ ਸ਼ਹੀਦ ਕੀਤਾ ਜਾਂਦਾ ਹੈ। ਪਰ ਗੁਰੂਜੀ ਆਪ ਆਪਣੇ ਹਤਿਆਰੇ ਦੇ ਕੋਲ ਆਪਣੀ ਇੱਛਾ ਨਾਲ ਸ਼ਹੀਦ ਹੋਣ ਦੇ ਲਈ ਆਨੰਦਪੁਰ ਸਾਹਿਬ ਤੋਂ ਦਿੱਲੀ ਆਏ । ਇਸ ਨਿਰਲੇਪ ਅਤੇ ਪਰਮਾਰਥ ਬਲਿਦਾਨ ਦੇ ਸਿੱਟੇ ਵੀ ਤਾਂ ਬੇ-ਜੋੜ ਹੀ ਪ੍ਰਾਪਤ ਹੋਏ ਸਨ। ਗੁਰੂਗੋਬਿੰਦ ਸਿੰਘ ਨੂੰ ਮਜਬੂਰੀ ਵਿੱਚ ਤਲਵਾਰ ਦਾ ਸਹਾਰਾ ਲੈਣਾ ਪਿਆ।

ਇਸ ਸਿਧਾਂਤ ਨੂੰ ਉਨ੍ਹਾਂ ਨੇ ਸਪਸ਼ਟ ਕਰਨ ਲਈ ਫਾਰਸੀ ਭਾਸ਼ਾ ਵਿਚ ਵਿਸ਼ਵ ਦੇ ਸਾਹਮਣੇ ਇੱਕ ਅਜਿਹਾ ਨਿਯਮ ਪੇਸ਼ ਕੀਤਾ ਜੋ ਜਨਮ-ਜਨਮਾਂਤਰਾਂ ਤੱਕ ਸੱਚਾ ਸਿੱਧ ਹੁੰਦਾ ਰਹੇਗਾ।

ਚੁੰਕਾਰ ਅਜ਼ ਹਮੇ ਹੀਲਤੇ ਦਰ ਗੁਜੁਸਤ, ਹਲਾਲ ਅਸਤ ਬੁਰਦਨ ਬ-ਸਮਸ਼ੀਰ ਦਸਤ (ਜ਼ਫਰ ਨਾਮਾ)

**ਭਾਵਅਰਥ:-** ਇਸ ਦਾ ਭਾਵ, ਜਦ ਕੋਈ ਦੂਜਾ ਹੋਰ ਸਾਧਨ ਬਾਕੀ ਨਾ ਬੱਚੇ ਤਾਂ ਵਿਅਕਤੀ ਦਾ ਧਰਮ ਹੈ ਕਿ ਤਲਵਾਰ ਚੁੱਕ ਲਵੇ। ਤਾਕਤ ਦੇ ਹੰਕਾਰ ਵਿਚ ਅੰਨ੍ਹੀ ਹੋਈ ਮੁਗਲ ਹਕੂਮਤ ਤੇ ਮਾਨਵੀ ਮੁੱਲ ਪ੍ਰਭਾਵਹੀਨ ਹੋ ਕੇ ਰਹਿ ਗਏ ਸਨ। ਸ਼ਕਤੀ ਦਾ ਜਵਾਬ (ਤਾਕਤ) ਸ਼ਕਤੀ ਹੀ ਸੀ।

ਆਪਣੇ ਪੂਜਨੀਕ ਪਿਤਾ ਸ੍ਰੀ ਗੁਰੂਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਗੁਰੂਗੋਬਿੰਦ ਸਿੰਘ ਜੀ ਨੂੰ ਦੋ ਗੱਲਾਂ ਤਾਂ ਸਪਸ਼ਟ ਹੋ ਚੁੱਕੀਆਂ ਸਨ। ਇੱਕ ਤਾਂ ਇਹ ਕਿ ਕਮਜ਼ੋਰ ਵਿਅਕਤੀ ਦਾ ਕੋਈ ਧਰਮ ਨਹੀਂ ਹੁੰਦਾ। ਦੁਨੀਆਂ ਦੇ ਲਾਲਚ ਅਤੇ ਮੌਤ ਦਾ ਡਰ ਦੇ ਕੇ ਉਸਨੂੰ ਫੁਸਲਾਇਆ ਜਾ ਸਕਦਾ ਹੈ ਅਤੇ ਧਰਮ ਤੋਂ ਪਤਿਤ ਕੀਤਾ ਜਾ ਸਕਦਾ ਹੈ। ਔਰੰਗਜ਼ੇਬ ਦੇ ਮਜ਼ਹਬੀ ਪ੍ਰਭਾਵ ਕਾਰਨ ਅਣਗਿਣਤ ਹਿੰਦੂਆਂ ਦਾ ਧਰਮ ਪਰਿਵਰਤਨ ਕਰ ਦੇਣਾ ਇਸ ਗੱਲ ਦਾ ਸਬੂਤ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਗੁਰੂਗੋਬਿੰਦ ਸਿੰਘ ਜੀ ਨੇ ਸ਼ਕਤੀ ਦੇ ਨਾਲ ਟੱਕਰ ਲੈਣ ਲਈ ਤਲਵਾਰ ਚੁੱਕ ਲਈ। ਇਹ ਇਸ ਲਈ ਨਹੀਂ ਕਿ ਉਹ ਕੋਈ ਪ੍ਰਾਂਤ ਜਿੱਤ ਕੇ ਆਪਣਾ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ, ਨਾ ਹੀ ਇਸ ਲਈ ਕਿ ਇਸਲਾਮ ਨਾਲ ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਵੈਰ-ਵਿਰੋਧ ਸੀ। ਸੰਯੋਗਵੱਸ਼ ਸਮੇਂ ਦੀ ਸਰਕਾਰ ਮੁਸਲਮਾਨਾਂ ਦੀ ਸੀ। ਜੇਕਰ ਅਤਿਆਚਾਰ ਹਿੰਦੂਆਂ ਵੱਲੋਂ ਹੁੰਦਾ ਤਾਂ ਤਲਵਾਰ ਦਾ ਰੁੱਖ ਉਨ੍ਹਾਂ ਵੱਲ ਹੁੰਦਾ। ਇਹ ਤਲਵਾਰ ਤਾਂ ਧਰਮ-ਯੁੱਧ ਦੇ ਲਈ ਚੁੱਕੀ ਗਈ ਸੀ। ਕਿਸੇ ਖਾਸ ਮਜ਼ਹਬ ਦੇ ਵਿਰੁੱਧ ਅਰਥਾਤ ਅਧਿਕਾਰ ਦੇ ਲਈ ਨਹੀਂ। ਸਿਰਫ ਨਿਆਂ ਅਤੇ ਮਾਨਵਤਾ ਦੇ ਲਈ ਗੁਰੂਜੀ ਨੇ ਆਪਣੇ ਜੀਵਨ ਦਾ ਮਨੋਰਥ ਦਸਦਿਆਂ ਹੋਇਆਂ ਆਪ ਬਚਿੱਤਰ ਨਾਟਕ ਵਿੱਚ ਲਿਖਿਆ ਹੈ:-

**ਹਮ ਏਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਉਠਾਏ ॥**

**ਜਹਾਂ ਜਹਾਂ ਤੁਮ ਧਰਮ ਬਿਧਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥**

**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**

**ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥ (ਬਚਿਤ੍ਰ ਨਾਟਕ)**

**ਦੁਸਟਾਂ ਦਾ ਨਾਸ਼ ਅਤੇ ਸੰਤਾਂ ਦੀ ਰੱਖਿਆ ਹੀ ਗੁਰੂਜੀ ਦੇ ਜੀਵਨ ਦਾ ਮਨੋਰਥ ਸੀ।**